Adda247 GET IT ON Google Play

PSTET | PAPER – I | FOR CLASS I-V TEACHERS | PREVIOUS EXAM. PAPER Dec. 2015

Section—A Child Development and Pedagogy (Bilingual Section, Q. No. 1 to 30)

ਭਾਗ—A ਬਾਲ ਵਿਕਾਸ ਅਤੇ ਸਿੱਖਿਆ ਸ਼ਾਸਤਰ (ਦੁਭਾਸ਼ੀ, ਪ੍ਰਸ਼ਨ ਨੰ : 1 - 30)

1. "Law of exercise" is the contribution of which school of psychology ?

(a) Behaviourism (b) Constructivism
(c) Gestalt school (d) Psychoanalysis

2. It is said that a teacher should be resourceful. This means

(a) He should have enough money and property so that he may not have to give tuition.
(b) He should have good contacts with higher authorities so that he may not be harmed.
(c) He should have adequate knowledge to be able to solve the problems of students.
(d) He should have a good reputation among students so that authorities are not able to take any punitive measure against him.

3. Which amendment of the Constitution made education free and compulsory for children between 6-14 years of age ?

(a) 95th amendment (b) 94th amendment
(c) 93th amendment (d) 73th amendment

4. "A backward child is one who in mid-school career is unable to do the work for the class next below that which is normal for his age." Who gave this definition of the backward child ?

(a) Thorndike (b) Cyrill Burt
(c) Burton (d) T.K.A. Menon

5. Culture's expectations of male and female behaviour are called

(a) Gender roles (b) Gender types
(c) Gender identities (d) Gender constancies

6. Piaget advocated the need for tailoring the education of a child according to the level of the functioning of his cognitive structure. This is called

(a) Self-learning
(b) Classification and grouping of education
(c) Pupil-centred education
(d) Stimulation for learning.

7. Morons have an IQ level of

(a) 51 to 70 (b) Below 51
(c) 70 to 100 (d) Above 100

1. 'ਅਭਿਆਸ ਦਾ ਨਿਯਮ' ਕਿਸ ਸਕੂਲ ਦਾ ਯੋਗਦਾਨ ਹੈ?

(a) ਵਿਵਹਾਰਵਾਦ (b) ਰਚਨਾਤਮਕਵਾਦ
(c) ਗੈਸਟਾਲਟ ਸਕੂਲ (d) ਮਨੋਵਿਸ਼ਲੇਸ਼ਣ

2. ਇਹ ਕਿਹਾ ਜਾਂਦਾ ਹੈ ਕਿ ਅਧਿਆਪਕ ਨੂੰ ਸਰੋਤ-ਸੰਪੰਨ ਹੋਣਾ ਚਾਹੀਦਾ ਹੈ ਇਸ ਦਾ ਅਰਥ ਹੈ—

(a) ਉਸ ਕੋਲ ਇਨ੍ਹਾਂ ਪੈਸਾ ਅਤੇ ਜਾਇਦਾਦ ਹੋਣੀ ਚਾਹੀਦੀ ਹੈ ਕਿ ਉਸ ਨੂੰ ਟਿਊਸ਼ਨਾਂ ਨਾ ਕਰਨੀਆਂ ਪੈਣ।
(b) ਉਸ ਦਾ ਉੱਚ ਅਧਿਕਾਰੀਆਂ ਨਾਲ ਸੰਪਰਕ ਹੋਣਾ ਚਾਹੀਦਾ ਹੈ ਤਾਂ ਕਿ ਉਸਨੂੰ ਕੋਈ ਨੁਕਸਾਨ ਨਾ ਹੋ ਸਕੇ।
(c) ਉਸ ਨੂੰ ਇਨ੍ਹਾਂ ਕੁ ਗਿਆਨ ਹੋਣਾ ਜ਼ਰੂਰੀ ਹੈ ਤਾਂ ਕਿ ਉਹ ਆਪਣੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕੇ।
(d) ਉਸ ਦੀ ਵਿਦਿਆਰਥੀਆਂ ਵਿਚ ਚੰਗੀ ਸਾਖ ਹੋਣੀ ਚਾਹੀਦੀ ਹੈ ਤਾਂ ਕਿ ਉਚ ਅਧਿਕਾਰੀ ਉਸ ਨੂੰ ਦੰਡ ਨਾ ਦੇ ਸਕਣ।

3. ਸੰਵਿਧਾਨ ਦੀ ਕਿਸ ਸੋਧ ਰਾਹੀਂ 6 ਤੋਂ 14 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ ਵਿੱਦਿਆ ਨੂੰ ਮੁਫ਼ਤ ਅਤੇ ਲਾਜ਼ਮੀ ਕੀਤਾ ਗਿਆ ਹੈ?

(a) 95ਵੀਂ ਸੋਧ (b) 94ਵੀਂ ਸੋਧ
(c) 93ਵੀਂ ਸੋਧ (d) 73ਵੀਂ ਸੋਧ

4. "ਜੋ ਬੱਚਾ ਸਕੂਲੀ ਜੀਵਨ ਦੇ ਅੱਧਵਿਚਕਾਰ ਆਪਣੀ ਉਮਰ ਮੁਤਾਬਿਕ ਯੋਗ ਸ਼੍ਰੇਣੀ ਤੋਂ ਇਕ ਸ਼੍ਰੇਣੀ ਥੱਲੇ ਦੀ ਜਮਾਤ ਦਾ ਕੰਮ ਕਰਨ ਵਿਚ ਅਸਮਰੱਥ ਹੋਵੇ ਉਸ ਨੂੰ ਵਿਦਿਅਕ ਤੌਰ ਤੇ ਪੱਛੜਿਆ ਹੋਇਆ ਕਿਹਾ ਜਾਂਦਾ ਹੈ।" ਪੱਛੜੇ ਹੋਏ ਬੱਚੇ ਦੀ ਇਹ ਪਰਿਭਾਸ਼ਾ ਕਿਸ ਵਲੋਂ ਦਿੱਤੀ ਗਈ ਹੈ?

(a) ਥੌਰਨਡਾਇਕ (b) ਸਿਰਿਲ ਬਰਟ
(c) ਬਰਟਨ (d) ਟੀ.ਕੇ.ਏ.ਮੈਨਨ

5. ਮਰਦ ਅਤੇ ਔਰਤ ਦੇ ਵਿਵਹਾਰ ਦੀਆਂ ਸਭਿਆਚਾਰਕ ਉਮੀਦਾਂ ਨੂੰ ਕੀ ਕਿਹਾ ਜਾਂਦਾ ਹੈ?

(a) ਲਿੰਗ ਭੂਮਿਕਾਵਾਂ (b) ਲਿੰਗ ਦੀ ਕਿਸਮ
(c) ਲਿੰਗ ਪਛਾਣ (d) ਲਿੰਗ ਅਨੁਪਾਤ ਦੀ ਸਥਿਰਤਾ

6. 'ਪਿਆਜ਼ੇ' ਬੱਚੇ ਦੀ ਸਿੱਖਿਆ ਨੂੰ ਉਸ ਦੇ ਗਿਆਨਾਤਮਕ ਢਾਂਚੇ ਦੇ ਕੰਮ ਕਰਨ ਦੇ ਪੱਧਰ ਅਨੁਸਾਰ ਢਾਲਣ ਦਾ ਸਮਰਥਕ ਹੈ। ਇਸ ਸੰਕਲਪ ਨੂੰ ਕੀ ਕਹਿੰਦੇ ਹਨ?

(a) ਸਵੈ-ਸਿੱਖਣ
(b) ਸਿੱਖਿਆ ਦਾ ਵਰਗੀਕਰਣ ਅਤੇ ਮੁੜ-ਸੰਗਠਨ
(c) ਵਿਦਿਆਰਥੀ-ਕੇਂਦਰਿਤ ਸਿੱਖਿਆ
(d) ਸਿੱਖਿਆ ਪ੍ਰਤੀ ਉਤੇਜਿਤ ਕਰਨਾ

7. ਮੰਦ ਬੁੱਧੀ (Morons) ਦਾ I.Q. ਪੱਧਰ —

(a) 51 ਤੋਂ 70 (b) 51 ਤੋਂ ਘੱਟ
(c) 70 ਤੋਂ 100 (d) 100 ਤੋਂ ਘੱਟ

Adda247

Test Prime

ALL EXAMS, ONE SUBSCRIPTION

1,00,000+ Mock Tests

Personalised Report Card

Unlimited Re-Attempt

600+ Exam Covered

25,000+ Previous Year Papers

500% Refund

IBPS · NABARD · INDIAN RAILWAYS

ATTEMPT FREE MOCK NOW

Adda247 GET IT ON Google Play

8. The Insight Theory of learning has been given by :
(a) Pavlov (b) Watson
(c) Skinner (d) Kohler

9. In the trial and error theory of learning, the "law of effect" is also known as
(a) Law of motion (b) Law of pleasure and pain
(c) Law of readiness (d) Law of chance

10. When a problem is seen as having only one answer, with all lines of thinking leading to that answer, the thinking is known as ..... thinking.
(a) Convergent (b) Creative
(c) Divergent (d) Mental set

11. The people with whom a person identifies most strongly are called
(a) In-group (b) Out-group
(c) Referent group (d) 'Them' group

12. Constructivism as a theory emphasizes :
(a) The role of the teacher in learning
(b) Memorizing information and testing through recall
(c) The role of imitation in acquiring knowledge
(d) None of the above

13. It is an accepted view that females can be better teachers, especially at the primary school level. The reason is :
(a) They can better deal with stressful situations
(b) They are ready to work on a lower salary
(c) They are in a greater need to earn for their livelihood
(d) They are more apt to perform multiple roles and are also flexible

14. If a child writes 16 as 61 and gets confused between b and d, this is a case of
(a) Visual Impairment (b) Mental Impairment
(c) Learning disability (d) Mental retardation

15. Who among the following psychologists explained intelligence in terms of 'primary mental abilities' ?
(a) Thorndike (b) Spearmen
(c) Guildford (d) Thrustone

16. "Development means a series of progressive changes that occur in orderly and predictable pattern as a result of maturation and experience." This is stated by :
(a) Stevenson (b) Hurlock
(c) Piaget (d) Crow and Crow

17. The most important challenge for a teacher is :
(a) To understand the individual psychological needs of students
(b) To maintain good discipline in the class
(c) To make teaching-learning process enjoyable
(d) To assign students good home assignments and check them properly.

8. ਅੰਤਰ-ਦ੍ਰਿਸ਼ਟੀ ਨਾਲ ਸਿੱਖਣ ਦਾ ਸਿਧਾਂਤ ਕਿਸਨੇ ਦਿੱਤਾ ਹੈ?
(a) ਪੈਵਲਵ (b) ਵਾਟਸਨ
(c) ਸਕਿਨਰ (d) ਕੋਹਲਰ

9. ਸਿੱਖਣ ਦੇ 'ਕੋਸ਼ਿਸ਼ ਅਤੇ ਗਲਤੀ' ਦੇ ਸਿਧਾਂਤ ਵਿਚ 'ਪ੍ਰਭਾਵ ਦੇ ਸਿਧਾਂਤ' ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?
(a) ਗਤੀ ਦਾ ਸਿਧਾਂਤ (b) ਸੁੱਖ ਤੇ ਦੁੱਖ ਦਾ ਸਿਧਾਂਤ
(c) ਤੱਤਪਰਤਾ ਦਾ ਸਿਧਾਂਤ (d) ਅਵਸਰ ਦਾ ਸਿਧਾਂਤ

10. ਜਦੋਂ ਸਮੱਸਿਆ ਦਾ ਸਿਰਫ਼ ਇੱਕ ਹੀ ਉੱਤਰ ਹੋਵੇ, ਉਸ ਉੱਤਰ ਵਲ ਸੇਧਿਤ ਹੋਣ ਨੂੰ ..... ਸੋਚ ਕਹਿੰਦੇ ਹਨ।
(a) ਕੇਂਦਰ ਮੁਖੀ (b) ਰਚਨਾਤਮਕ
(c) ਵਿਕੇਂਦਰਮੁਖੀ (d) ਮਾਨਸਿਕ ਢਾਂਚਾ

11. ਉਹ ਲੋਕ ਜਿਹਨਾਂ ਨਾਲ ਇੱਕ ਵਿਅਕਤੀ ਜ਼ੋਰਦਾਰ ਸਾਂਝ ਮਹਿਸੂਸ ਕਰਦਾ ਹੈ, ਨੂੰ ਕਿਹਾ ਜਾਂਦਾ ਹੈ—
(a) ਗਰੁੱਪ ਦੇ ਅੰਦਰ-ਅੰਦਰ (b) ਗਰੁੱਪ ਤੋਂ ਬਾਹਰ
(c) ਸੰਕੇਤਕ ਗਰੁਪ (d) 'ਹੋਰਾਂ' ਦਾ ਗਰੁਪ

12. ਰਚਨਾਭਮਕਵਾਦ ਦਾ ਸਿਧਾਂਤ ਜ਼ੋਰ ਦਿੰਦਾ ਹੈ—
(a) ਸਿੱਖਣ ਵਿਚ ਅਧਿਆਪਕ ਦੇ ਯੋਗਦਾਨ ਤੇ
(b) ਜਾਣਕਾਰੀ ਨੂੰ ਯਾਦ ਰੱਖਣਾ ਅਤੇ ਪਰਖ ਸਮੇਂ ਦੱਸਣਾ
(c) ਗਿਆਨ ਪ੍ਰਾਪਤ ਕਰਨ ਵਿਚ ਅਨੁਕਰਣ ਦਾ ਯੋਗਦਾਨ
(d) ਉਪਰੋਕਤ ਵਿਚੋਂ ਕੋਈ ਵੀ ਨਹੀਂ

13. ਇਹ ਇਕ ਮੰਨਿਆ ਤੱਥ ਹੈ ਕਿ ਔਰਤਾਂ ਵਧੀਆ ਅਧਿਆਪਕ ਬਣ ਸਕਦੀਆਂ ਹਨ। ਖ਼ਾਸ ਤੌਰ ਤੇ ਪ੍ਰਾਇਮਰੀ ਸਕੂਲਾਂ ਵਿਚ, ਇਸ ਦਾ ਕਾਰਨ ਹੈ—
(a) ਉਹ ਤਨਾਅ ਭਰਪੂਰ ਸਥਿਤੀਆਂ ਨੂੰ ਵਧੀਆ ਢੰਗ ਨਾਲ ਨਜਿੱਠ ਸਕਦੀਆਂ ਹਨ।
(b) ਉਹ ਘੱਟ ਤਨਖਾਹ ਤੇ ਕੰਮ ਕਰਨ ਲਈ ਤਿਆਰ ਹਨ।
(c) ਉਨ੍ਹਾਂ ਨੂੰ ਰੋਜ਼ਗਾਰ ਦੀ ਜ਼ਿਆਦਾ ਲੋੜ ਹੈ।
(d) ਉਹ ਕਈ ਕੰਮ ਇਕੱਠੇ ਕਰਨ ਦੇ ਯੋਗ ਹੁੰਦੀਆਂ ਹਨ ਅਤੇ ਨਿਮਰ ਵੀ।

14. ਜੇ ਬੱਚਾ 16 ਨੂੰ 61 ਲਿਖਦਾ ਹੈ ਅਤੇ b ਅਤੇ d ਵਿਚ ਉਲਝ ਜਾਂਦਾ ਹੈ ਤਾਂ ਇਹ ਕੇਸ ਹੈ—
(a) ਦ੍ਰਿਸ਼ਟੀ ਵਿਕਾਰ (b) ਮਾਨਸਿਕ ਵਿਕਾਰ
(c) ਸਿੱਖਣ ਅਯੋਗਤਾ (d) ਮੰਦ-ਬੁੱਧੀ

15. ਹੇਠ ਲਿਖਿਆਂ ਵਿਚੋਂ ਕਿਸ ਮਨੋਵਿਗਿਆਨੀ ਨੇ ਬੁੱਧੀ ਨੂੰ 'ਪ੍ਰਾਇਮਰੀ ਬੌਧਿਕ ਯੋਗਤਾ' ਕਿਹਾ ਹੈ?
(a) ਥਾਰਨਡਾਇਕ (b) ਸਪੀਅਰਮੈਨ
(c) ਗਿਲਫ਼ਰਡ (d) ਥਰਸਟਨ

16. "ਵਿਕਾਸ ਤੋਂ ਭਾਵ ਨਿਰੰਤਰ ਲੜੀ ਵਿਚ ਵਾਪਰਨ ਵਾਲੇ ਪ੍ਰਗਤੀਸ਼ੀਲ ਪਰਿਵਰਤਨਾਂ ਤੋਂ ਹੈ ਜੋ ਅਨੁਭਵ ਅਤੇ ਪ੍ਰਪਕਤਾ ਦੇ ਨਤੀਜੇ ਵਜੋਂ ਇਕ ਕ੍ਰਮਬੱਧ ਅਤੇ ਪੂਰਵ-ਅਨੁਮਾਨਿਤ ਢੰਗ ਨਾਲ ਹੁੰਦੇ ਹਨ।" ਇਹ ਕਿਸ ਨੇ ਕਿਹਾ ਸੀ?
(a) ਸਟੀਵਨਸਨ (b) ਹਾਰਲੌਕ
(c) ਪਿਆਜ਼ੇ (d) ਕ੍ਰੋਅ ਅਤੇ ਕ੍ਰੋਅ

17. ਇਕ ਅਧਿਆਪਕ ਲਈ ਸਭ ਤੋਂ ਵੱਡੀ ਚੁਨੌਤੀ ਹੈ ਕਿ—
(a) ਵਿਦਿਆਰਥੀਆਂ ਦੀਆਂ ਵਿਅਕਤੀਗਤ ਮਨੋਵਿਗਿਆਨਕ ਲੋੜਾਂ ਨੂੰ ਸਮਝਣਾ
(b) ਜਮਾਤ ਵਿਚ ਚੰਗਾ ਅਨੁਸ਼ਾਸਨ ਬਣਾ ਕੇ ਰੱਖਣਾ
(c) ਅਧਿਆਪਨ-ਸਿੱਖਣ ਪ੍ਰਕਿਰਿਆ ਨੂੰ ਆਨੰਦਮਈ ਬਣਾਉਣਾ
(d) ਵਿਦਿਆਰਥੀਆਂ ਨੂੰ ਘਰ ਲਈ ਬਹੁਤ ਸਾਰਾ ਕੰਮ ਦੇਣਾ ਅਤੇ ਉਸ ਦੀ ਠੀਕ ਢੰਗ ਨਾਲ ਪੜਤਾਲ ਕਰਨਾ।

Adda247 GET IT ON Google Play

18. A child comforts another child who is crying, by offering his toy. The behaviour of the child who tries to comfort the other child represents
(a) Social development
(b) Social-emotional development
(c) Emotional development
(d) Cognitive development

19. According to Piaget, the number of stages of a child's cognitive development are :
(a) 3 stages (b) 4 stages
(c) 5 stages (d) 6 stages

20. Vygotsky proposed that child development is :
(a) A product of formal education
(b) Due to the genetic components of a culture
(c) A product of social interaction
(d) A product of assimilation and accommodation

21. Cephalo-Caudal trend implies
(a) Muscular control (b) Co-ordination
(c) Progress (d) Both (a) & (b)

22. "Socialization or social development is the process whereby a biological individual is converted into a human person." Who said this ?
(a) Hurlock (b) Jean piaget
(c) Garret (d) Sorenson

23. Meaning ILFE is :
(a) Integrated learning friendly environment
(b) Inclusive learning friendly environment
(c) Integrated learning friendly education
(d) Inclusive learning friendly education

24. "The school may be regarded as the social invention to serve society for the specialized teaching of the young." This has been stated by
(a) Ottaway (b) John Dewey
(c) Kohlberg (d) Freeman

25. A child studying hard for the sake of getting a scholarship is an example of
(a) Intrinsic motivation (b) Extrinsic motivation
(c) Positive motivation (d) None of the above

26. A teacher's effectiveness in teaching can be judged when it
(a) Brings good results (b) Raises the IQ of learners
(c) Stimulates the learner's thinking
(d) None of the above

27. Which of the following is not measured by an intelligence test ?
(a) Ability to learn
(b) Ability to apply one's knowledge to new problems
(c) Ability to think divergently
(d) Ability to perceive relationships

18. ਇਕ ਬੱਚਾ ਦੂਸਰੇ ਰੋਂਦੇ ਹੋਏ ਬੱਚੇ ਨੂੰ ਚੁੱਪ ਕਰਾਉਣ ਲਈ ਜੋਕਰ ਆਪਣਾ ਖਿਡੌਣਾ ਆਸਾਨੀ ਨਾਲ ਦੇ ਦੇਵੇ ਤਾਂ ਉਸ ਦੇ ਵਿਵਹਾਰ ਨੂੰ ਕੀ ਕਿਹਾ ਜਾਏਗਾ?
(a) ਸਮਾਜਿਕ ਵਿਕਾਸ
(b) ਸਮਾਜਿਕ ਅਤੇ ਭਾਵਨਾਤਮਕ ਵਿਕਾਸ
(c) ਭਾਵਨਾਤਮਕ ਵਿਕਾਸ (d) ਗਿਆਨਾਤਮਕ ਵਿਕਾਸ

19. ਪਿਆਜ਼ੇ ਦੇ ਅਨੁਸਾਰ ਗਿਆਨਾਤਮਕ ਵਿਕਾਸ ਦੇ ਕਿੰਨੇ ਪੜਾਅ ਹਨ?
(a) 3 ਪੜਾਅ (b) 4 ਪੜਾਅ
(c) 5 ਪੜਾਅ (d) 6 ਪੜਾਅ

20. ਵਾਈਗੋਤਸਕੀ ਦੇ ਅਨੁਸਾਰ ਬਾਲ ਵਿਕਾਸ ਹੈ—
(a) ਰਸਮੀ ਸਿੱਖਿਆ ਦੀ ਉਪਜ
(b) ਸਭਿਆਚਾਰ ਦੇ ਵਿਰਾਸਤੀ ਤੱਤਾਂ ਕਾਰਨ
(c) ਸਮਾਜਿਕ ਅੰਤਰ-ਕਿਰਿਆ ਦੀ ਉਪਜ
(d) ਆਤਮਸਾਤ ਕਰਨ ਅਤੇ ਅਨੁਕੂਲਣ ਦੀ ਉਪਜ

21. 'ਅਗ੍ਰਵਰਤੀ ਪ੍ਰਵਿਰਤੀ' (ਸਿਫੈਲੋ-ਕੌਡਲ) ਰੁਝਾਨ ਦਾ ਭਾਵ ਹੈ—
(a) ਪੱਠਿਆਂ ਦਾ ਕੰਟਰੋਲ (b) ਤਾਲਮੇਲ
(c) ਪ੍ਰਗਤੀ (d) (a) ਤੇ (b) ਦੋਵੇਂ

22. "ਸਮਾਜੀਕਰਨ ਜਾਂ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਰਾਹੀਂ ਇਕ ਪ੍ਰਕਿਰਤਕ ਜੀਵ ਦਾ ਵਿਕਾਸ ਮਨੁੱਖੀ ਸ਼ਖਸੀਅਤ ਦੇ ਰੂਪ ਵਿਚ ਹੁੰਦਾ ਹੈ।" ਇਹ ਕਿਸਨੇ ਕਿਹਾ ਹੈ?
(a) ਹਰਲੌਕ (b) ਜੀਨ ਪਿਆਜ਼ੇ
(c) ਗੈਰਟ (d) ਸੋਰੇਨਸਨ

23. ILFE ਦਾ ਅਰਥ ਹੈ—
(a) Integrated Learning Friendly Environment
(b) Inclusive Learning Friendly Environment
(c) Integrated Learning Friendly Education
(d) Inclusive Learning Friendly Education

24. "ਸਕੂਲ ਨੂੰ ਇਕ ਅਜਿਹੀ ਸਮਾਜਿਕ ਬਣਤ ਕਿਹਾ ਜਾ ਸਕਦਾ ਹੈ ਜੋ ਛੋਟੇ ਬੱਚਿਆਂ ਦੇ ਅਧਿਆਪਨ ਦੇ ਵਿਚ ਵਿਸ਼ੇਸ਼ ਮੰਤਵ ਪੱਖੋਂ ਸਮਾਜ ਦੀ ਸੇਵਾ ਕਰਦਾ ਹੈ।" ਇਹ ਕਿਸ ਨੇ ਕਿਹਾ ਹੈ?
(a) ਔਟਵੇ (b) ਜੋਹਨ ਡੀਵੀ
(c) ਕੋਹਲਬਰਗ (d) ਫ਼ਰੀਮੈਨ

25. ਇੱਕ ਬੱਚਾ ਸਕਾਲਰਸ਼ਿਪ ਲੈਣ ਲਈ ਸਖਤ ਪੜ੍ਹਾਈ ਕਰਦਾ ਹੈ, ਇਹ ਕਿਸ ਗੱਲ ਦੀ ਉਦਾਹਰਣ ਹੈ?
(a) ਅੰਤਰੀਵ ਪ੍ਰੇਰਣਾ ਦੀ (b) ਬਾਹਰੀ ਪ੍ਰੇਰਣਾ ਦੀ
(c) ਧਨਾਤਮਕ ਪ੍ਰੇਰਣਾ ਦੀ (d) ਉਪਰੋਕਤ ਵਿਚੋਂ ਕੋਈ ਵੀ ਨਹੀਂ।

26. ਅਧਿਆਪਕ ਦੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ ਜਦੋਂ—
(a) ਉਹ ਚੰਗਾ ਨਤੀਜਾ ਲਿਆਉਂਦਾ ਹੈ
(b) ਸਿਖਿਆਰਥੀਆਂ ਦਾ ਬੁੱਧੀ-ਅੰਕ ਵਧਾਉਂਦਾ ਹੈ
(c) ਸਿਖਿਆਰਥੀਆਂ ਦੀ ਸੋਚ ਨੂੰ ਉਤੇਜਿਤ ਕਰਦਾ ਹੈ
(d) ਉਪਰੋਕਤ ਵਿਚੋਂ ਕੋਈ ਵੀ ਨਹੀਂ।

27. ਹੇਠ ਲਿਖਿਆਂ ਵਿਚੋਂ ਕਿਸ ਨੂੰ ਬੁੱਧੀ ਪਰਖ ਪਰੀਖਿਆ ਨਾਲ ਨਹੀਂ ਮਾਪਿਆ ਜਾ ਸਕਦਾ?
(a) ਸਿੱਖਣ ਦੀ ਕਾਬਲੀਅਤ
(b) ਆਪਣੇ ਗਿਆਨ ਨੂੰ ਨਵੀਂ ਸਮੱਸਿਆ ਦੇ ਹੱਲ ਲਈ ਵਰਤਣ ਦੀ ਯੋਗ
(c) ਬਹੁ-ਭਿੰਨ ਢੰਗਾਂ ਨਾਲ ਸੋਚਣ ਦੀ ਯੋਗਤਾ
(d) ਪਛਾਣ ਕਰਨ ਲਈ ਸੰਬੰਧਾਂ ਨੂੰ ਸਮਝਣ ਦੀ ਯੋਗਤਾ।

Adda247 GET IT ON Google Play

28. Kohlberg's stages of moral development are related to
(a) Erikson's psycho-social stages
(b) Sullivan's interpersonal stages
(c) Piaget's moral development stages
(d) Freud's psychosexual stages

29. What is the best way to deal with the misbehaviour of Kindergarten/Nursery school children ?
(a) Punish the child for major acts of misbehaviour
(b) Ignore the transgressions
(c) Give suitable punishment for all kinds of misbehaviour
(d) Channelize the child's energies into positive directions

30. Students can improve their comprehension of written material if they use a strategy called SQ4R. which stands for :
(a) Study, query, read, review, revise and recite
(b) Survey, question, read, recite, write and review
(c) Study, question, read, revise, review, recite
(d) Survey, query, read, review, recite and revise

28. ਕੋਹਲਬਰਗ ਦੇ ਨੈਤਿਕ ਵਿਕਾਸ ਦੇ ਪੜਾਅ ਸੰਬੰਧਤ ਹਨ—
(a) ਐਰਿਕਸਨ ਦੇ ਮਨੋ-ਸਮਾਜਿਕ ਪੜਾਅ ਹਨ
(b) ਸਲੀਵਨ ਦੇ ਅੰਤਰ ਕ੍ਰਿਆ ਪੜਾਅ ਨਾਲ
(c) ਪਿਆਜ਼ੇ ਦੇ ਨੈਤਿਕ ਵਿਕਾਸ ਪੜਾਅ ਨਾਲ
(d) ਫ਼ਰਾਇਡ ਦੇ ਮਨੋਲਿੰਗਕ ਪੜਾਅ ਨਾਲ

29. ਕਿੰਡਰਗਾਰਟਨ/ਨਰਸਰੀ ਸਕੂਲ ਬੱਚਿਆਂ ਦੇ ਗਲਤ ਵਿਵਹਾਰ ਨਾਲ ਨਿਪਟਣ ਦਾ ਠੀਕ ਤਰੀਕਾ ਕੀ ਹੈ?
(a) ਜ਼ਿਆਦਾ ਗਲਤ-ਵਿਵਹਾਰ ਲਈ ਬੱਚੇ ਨੂੰ ਸਜ਼ਾ ਦੇਣੀ
(b) ਉਲੰਘਣਾ ਨੂੰ ਅਣਦੇਖਿਆ ਕਰਨਾ
(c) ਹਰ ਕਿਸਮ ਦੇ ਦੁਰਵਿਵਹਾਰ ਲਈ ਢੁੱਕਵੀਂ ਸਜ਼ਾ ਦੇਣੀ
(d) ਬੱਚਿਆਂ ਦੀ ਊਰਜਾ ਸ਼ਕਤੀ ਨੂੰ ਸਕਾਰਾਤਮਕ ਦਿਸ਼ਾ ਦੇਣੀ।

30. ਵਿਦਿਆਰਥੀ ਆਪਣੀ ਲਿਖਤ-ਸਮੱਗਰੀ ਦਾ ਬੋਧ ਵਧਾ ਸਕਦੇ ਹਨ ਜੇ ਉਹ SQ4R ਨੀਤੀ ਅਪਨਾਉਣ, ਜਿਸ ਦਾ ਅਰਥ ਹੈ—
(a) Study, query, read, review, revise and recite
(b) Survey, question, read, recite, write and review
(c) Study, question, read, revise, review, recite
(d) Survey, query, read, review, recite and revision.

ਪੰਜਾਬੀ ਭਾਸ਼ਾ (ਪ੍ਰਸ਼ਨ ਨੰ : 31 to 60)

31. ਵਾਕ ਨੂੰ ਪੜ੍ਹਨ ਵਲੇ ਕਈ ਥਾਂ ਰੁਕਣਾ ਪੈਂਦਾ ਹੈ, ਅਜਿਹੇ ਸਥਾਨ ਤੇ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?
(a) ਦੁਬਿੰਦੀ (b) ਕਾਮਾ
(c) ਬਰੈਕਟ (d) ਬਿੰਦੀ

32. ਪੰਜਾਬੀ ਭਾਸ਼ਾ ਹੇਠ ਲਿਖਿਆਂ ਵਿਚੋਂ ਕਿਸਦੇ ਨੇੜੇ ਜ਼ਿਆਦਾ ਹੈ?
(a) ਅਪ੍ਭੰਸ਼ (b) ਸੰਸਕ੍ਰਿਤ
(c) ਪ੍ਰਾਕ੍ਰਿਤ (d) ਕੋਈ ਨਹੀਂ

33. 'ਨਿੱਕੀ ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ'
(a) ਘੋੜੀ ਹੈ (b) ਸੁਹਾਗ ਹੈ
(c) ਸਿੱਠਣੀ ਹੈ (d) ਗੀਤ ਹੈ

34. ਪੁਸਤਕਾਲੇ ਦੀ ਲੋੜ ਤੇ ਮਹੱਤਤਾ ਹੈ—
(a) ਪੁਸਤਕਾਂ ਬਾਰੇ ਜਾਣਕਾਰੀ ਦੇਣ ਲਈ
(b) ਪੜ੍ਹਨ 'ਚ ਰੁਚੀ ਉਤੇਜਿਤ ਕਰਨ ਲਈ
(c) ਸੁਤੰਤਰ ਕੰਮ ਕਰਨ ਲਈ
(d) ਵਿਅਕਤੀ ਦੇ ਅਨੁਭਵਾਂ ਵਿਚ ਵਾਧਾ ਕਰਨ ਲਈ

35. ਵਾਚਨ ਸਿੱਖਿਆ ਵਿਚ ਅਧਿਆਪਕ ਬੱਚੇ ਨੂੰ ਕੀ ਸਿਖਾਉਂਦਾ ਹੈ?
(a) ਲਿਖਣਾ (b) ਚਿੱਤਰ ਵੇਖਣਾ ਤੇ ਸਮਝਣਾ
(c) ਪੜ੍ਹਨਾ (d) ਧੁਨੀਆਂ ਦਾ ਗਿਆਨ ਦੇਣਾ

36. ਕਿਹੜਾ ਸ਼ਬਦ ਸ਼ੁੱਧ ਹੈ—
(a) ਅੱਤਕਥਨੀ (b) ਅਤਿਕਥਨੀ
(c) ਅਤੀਕਥਨੀ (d) ਅਤਿ-ਕਥਨੀ

37. 'ਉਹ ਅਖ਼ਬਾਰ ਪੜ੍ਹਦਾ ਹੈ' ਵਾਕ ਵਿਚ 'ਪੜ੍ਹਦਾ' ਸ਼ਬਦ ਵਿਚ 'ਦਾ' ਹੇਠ ਲਿਖਿ ਵਿੱਚੋਂ ਕੀ ਹੈ?
(a) ਉਪਸਰਗ (b) ਪਦ
(c) ਵਿਭਕਤੀ (d) ਕੋਈ ਵੀ ਨਹੀਂ

38. ਸਿੱਖਣ ਤੋਂ ਭਾਵ ਹੈ—
(a) ਅਧਿਆਪਕ ਦੇ ਵਿਵਹਾਰ ਵਿਚ ਪਰਿਵਰਤਨ
(b) ਗਿਆਨ ਦਾ ਸੰਚਾਰ
(c) ਸਿਖਿਆਰਥੀ ਦੇ ਵਿਵਹਾਰ ਵਿੱਚ ਪਰਿਵਰਤਨ
(d) ਇਹਨਾਂ ਵਿਚੋਂ ਕੋਈ ਵੀ ਨਹੀਂ

39. ਅਭਿਪ੍ਰੇਰਨਾ ਦੇ ਸਿਧਾਂਤ ਤੇ ਚਲਦਿਆਂ ਬੱਚੇ ਅੰਦਰ ਪੈਦਾ ਹੁੰਦੀ ਹੈ—
(a) ਧੀਮਾਪਨ (b) ਕਿਰਿਆਸ਼ੀਲਤਾ
(c) ਉਕਤਾਊਪਣ (d) ਵਿਸ਼ੇ ਪ੍ਰਤੀ ਅਰੁਚੀ

40. ਸੁਣਨ ਕੌਸ਼ਲ ਦੇ ਵਿਕਾਸ ਵਿਚ ਇਹਨਾਂ ਵਿਚੋਂ ਕੀ ਸ਼ਾਮਿਲ ਨਹੀਂ ਹੈ?
(a) ਭਾਸ਼ਨ (b) ਸੁੰਦਰ ਲਿਖਾਈ
(c) ਬੋਲ ਲਿਖਤ (d) ਆਪਸੀ ਗੱਲਬਾਤ

41. ਇਹਨਾਂ ਵਿਚੋਂ ਕਿਹੜੇ ਭਾਸ਼ਾ ਵਿਗਿਆਨੀ ਨੇ ਸਕੂਲਾਂ ਵਿਚ ਵਿਆਕ ਪੜ੍ਹਾਈ ਦੀ ਨਿਖੇਧੀ ਕੀਤੀ ਹੈ?
(a) ਡਾ. ਰਾਊਸੇ (b) ਹੈਰਲਡ ਈ. ਪਾਮਰ
(c) ਪੀ.ਬੀ. ਬੈਲਰਡ (d) ਗਰੀਨਿੰਗ ਲੈਬੋਰਨ ਤੇ ਬਾਕੀ

42. ਸ਼ੁੱਧ ਉਚਾਰਨ ਲਈ ਬੱਚਿਆਂ ਨੂੰ ਕਿਸ ਚੀਜ਼ਾ ਦਾ ਗਿਆਨ ਦੇਣਾ ਚਾ
(a) ਵਰਣ-ਬੋਧ (b) ਧੁਨੀ ਵਿਗਿਆਨ
(c) ਮਾਤਰਾਵਾਂ (d) ਲਿੱਪੀ

Adda247 GET IT ON Google Play

43. ਲਿਖਣਾ ਸਿੱਖਣ ਦੀ ਕਿਹੜੀ ਵਿਧੀ ਜ਼ਿਆਦਾ ਪ੍ਰਚੱਲਿਤ ਹੈ?
(a) ਫੜ ਕੇ ਲਿਖਾਉਣਾ (b) ਦੇਖ ਕੇ ਲਿਖਣਾ
(c) ਸੁਣ ਕੇ ਲਿਖਣਾ (d) ਪੂਰਨੇ ਪਾਉਣਾ

44. ਸੁਲੇਖ ਦੀ ਜਾਂਚ ਕਿਹੜੀ ਭਾਸ਼ਾ ਪ੍ਰੀਖਿਆ ਰਾਹੀਂ ਸੰਭਵ ਹੈ?
(a) ਸੁਣਨ ਸ਼ਕਤੀ (b) ਪੜ੍ਹਨ ਕੌਸ਼ਲ
(c) ਤੇਜ਼ ਲਿਖਣ (d) ਬੋਲ ਲਿਖਤ

45. ਭਾਸ਼ਾ ਸਿੱਖਿਆ ਦੀ ਮੁਲਾਂਕਣ ਵਿਧੀ ਦਾ ਪ੍ਰਮੁੱਖ ਦੋਸ਼ ਕਿਹੜਾ ਹੈ?
(a) ਪ੍ਰੰਪਰਾਗਤ ਵਿਧੀ
(b) ਭਾਸ਼ਾ ਗਿਆਨ ਪਰਖਣਾ ਹੈ ਪਰ ਭਾਸ਼ਾ ਕੌਸ਼ਲ ਨਹੀਂ
(c) ਵਿਗਿਆਨਕਤਾ ਦੀ ਘਾਟ
(d) ਉਪਰੋਕਤ ਸਾਰੇ।

ਹੇਠ ਲਿਖੀ ਵਾਰਤਕ ਟੁਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ— (46-52)

ਪਾਣਿਨੀ ਇਕ ਪ੍ਰਸਿੱਧੀ ਵਿਆਕਰਨਕਾਰ ਸੀ, ਜਿਸ ਦੀ ਲਿਖੀ ਹੋਈ ਪੁਸਤਕ ਦਾ ਨਾਂ ਪ੍ਰਾਣਿਨੀਯਮ ਸੀ। ਇਹ ਸੰਸਕ੍ਰਿਤ ਅਤੇ ਵਿਆਕਰਨ ਦਾ ਸਭ ਤੋਂ ਵੱਡਾ ਵਿਦਵਾਨ ਮੰਨਿਆ ਜਾਂਦਾ ਹੈ। ਪਾਣਿਨੀ ਦੀ ਪੁਸਤਕ ਬਾਰੇ ਆਦਰ ਤੇ ਸਤਿਕਾਰ ਵਜੋਂ ਕਿਹਾ ਜਾਂਦਾ ਹੈ ਕਿ ਇਸ ਦੀ ਰਚਨਾ ਈਸ਼ਵਰੀ ਗਿਆਨ ਕਾਰਨ ਹੋਈ। ਪ੍ਰਾਚੀਨ ਸਮੇਂ ਪਾਣਿਨੀ ਨੂੰ ਰਿਸ਼ੀ ਮੰਨਿਆ ਜਾਂਦਾ ਸੀ। ਆਧੁਨਿਕ ਸਮੇਂ ਵਿਚ ਵੀ ਇਸ ਬਾਰੇ ਇਹ ਪ੍ਰਸਿੱਧ ਹੈ ਕਿ ਪਾਣਿਨੀ ਬਚਪਨ ਵਿੱਚ ਬੜਾ ਹੀ ਮੂਰਖ ਸੀ, ਇਸੇ ਲਈ ਉਸ ਨੂੰ ਪਾਠਸ਼ਾਲਾ ਵਿੱਚੋਂ ਕੱਢ ਦਿੱਤਾ ਗਿਆ ਸੀ, ਪਰ ਸ਼ਿਵ ਜੀ ਦੀ ਕ੍ਰਿਪਾ ਨਾਲ ਉਹ ਵਿਦਵਾਨਾਂ ਦੀ ਪਹਿਲੀ ਸ਼੍ਰੇਣੀ ਵਿਚ ਆ ਗਿਆ। ਪਾਣਿਨੀ ਪਹਿਲਾ ਵਿਆਕਰਨਕਾਰ ਨਹੀਂ ਸੀ, ਕਿਉਂ ਜੋ ਉਹ ਆਪਣੀ ਪੁਸਤਕ ਵਿਚ ਕਈ ਵਿਆਕਰਨਕਾਰਾਂ ਦੇ ਨਾਂ ਦਿੰਦਾ ਹੈ ਜਿਹੜੇ ਕਿ ਉਸ ਤੋਂ ਪਹਿਲਾਂ ਹੋ ਚੁੱਕੇ ਸਨ। ਪਾਣਿਨੀ ਤੋਂ ਬਾਅਦ ਜਿਹੜੇ ਵਿਆਕਰਨ ਲਿਖੇ ਗਏ ਹਨ, ਉਹਨਾਂ ਦੀ ਗਿਣਤੀ ਕਾਫੀ ਵੱਡੀ ਹੈ ਅਤੇ ਭਾਵੇਂ ਉਹਨਾਂ ਵਿਚੋਂ ਕਈ ਬਹੁਤ ਹੀ ਸ਼ੁਧ ਤੇ ਜ਼ਿਆਦਾ ਵਰਤੋਂ ਵਿਚ ਆਉਂਦੇ ਹਨ, ਪਰ ਪਾਣਿਨੀ ਦੁਆਰਾ ਬਣਾਏ ਹੋਏ ਨਿਯਮ ਅਜੇ ਵੀ ਸਰਵ-ਉੱਚ ਤੇ ਨਿਰਵਿਵਾਦ ਹਨ।

46. ਪਾਣਿਨੀ ਦੀ ਪ੍ਰਸਿੱਧੀ ਕਿਹੜੀ ਗੱਲੋਂ ਹੋਈ ਹੈ?
(a) ਪੰਜਾਬੀ ਦਾ ਵੱਡਾ ਵਿਆਕਰਨਕਾਰ ਹੋਣ ਕਰਕੇ
(b) ਹਿੰਦੀ ਦਾ ਵੱਡਾ ਵਿਆਕਰਨਕਾਰ ਹੋਣ ਕਰਕੇ
(c) ਸੰਸਕ੍ਰਿਤ ਦਾ ਵੱਡਾ ਵਿਆਕਰਨਕਾਰ ਹੋਣ ਕਰਕੇ
(d) ਉੱਘਾ ਸਾਹਿਤਕਾਰ ਹੋਣ ਕਰਕੇ

47. ਪਾਣਿਨੀ ਦੀ ਰਚਨਾ ਨੂੰ ਈਸ਼ਵਰੀ ਗਿਆਨ ਕਾਰਨ ਹੋਈ ਕਿਉਂ ਮੰਨਿਆ ਜਾਂਦਾ ਹੈ?
(a) ਕਿਉਂਕਿ ਈਸ਼ਵਰ ਵੱਲੋਂ ਉਸਨੂੰ ਪ੍ਰੇਰਣਾ ਮਿਲੀ ਸੀ
(b) ਕਿਉਂਕਿ ਉਸਨੂੰ ਭਗਵਾਨ ਸ਼ਿਵ ਤੋਂ ਗਿਆਨ ਮਿਲਿਆ ਸੀ
(c) ਕਿਉਂਕਿ ਉਹ ਈਸ਼ਵਰ ਦਾ ਬਹੁਤ ਵੱਡਾ ਭਗਤ ਸੀ
(d) ਇਨ੍ਹਾਂ ਵਿਚੋਂ ਕੋਈ ਨਹੀਂ

48. ਪਾਣਿਨੀ ਦੇ ਵਿਆਕਰਨ ਦੀ ਇੰਨੀ ਪ੍ਰਸਿੱਧੀ ਕਿਉਂ ਹੋਈ?
(a) ਕਿਉਂਕਿ ਉਸ ਵਿਚ ਵਿਆਕਰਨ ਦੇ ਸਾਰੇ ਨਿਯਮ ਹਨ
(b) ਕਿਉਂਕਿ ਉਸ ਵਿਚ ਵਿਆਕਰਨ ਦੇ ਉੱਤਮ ਨੁਕਤੇ ਹਨ
(c) ਕਿਉਂਕਿ ਉਸ ਵਿਚਲੇ ਨਿਯਮ ਹਾਲੇ ਵੀ ਸਰਵ-ਉੱਚ ਅਤੇ ਨਿਰਵਿਵਾਦ ਸਮਝੇ ਜਾਂਦੇ ਹਨ
(d) ਇਨ੍ਹਾਂ ਵਿਚੋਂ ਕੋਈ ਨਹੀਂ

49. ਪਾਣਿਨੀ ਦੇ ਬਚਪਨ ਬਾਰੇ ਕੀ ਕਿਹਾ ਜਾਂਦਾ ਹੈ?
(a) ਉਹ ਬਚਪਨ ਵਿਚ ਬੜਾ ਚਲਾਕ ਸੀ
(b) ਉਹ ਬਚਪਨ ਵਿਚ ਬੜਾ ਸ਼ਰਾਰਤੀ ਸੀ
(c) ਉਹ ਬਚਪਨ ਵਿਚ ਨਿਰਾ ਮੂਰਖ ਸੀ
(d) ਉਹ ਬਚਪਨ ਵਿਚ ਬੜਾ ਹੁਸ਼ਿਆਰ ਸੀ

50. ਹੇਠ ਲਿਖੇ ਕਥਨਾਂ ਵਿਚੋਂ ਕਿਹੜਾ ਠੀਕ ਹੈ?
(a) ਪਾਣਿਨੀ ਸੰਸਕ੍ਰਿਤ ਦਾ ਪ੍ਰਸਿੱਧ ਵਿਆਕਰਨਕਾਰ ਸੀ।
(b) ਪਾਣਿਨੀ ਸੰਸਕ੍ਰਿਤ ਦਾ ਪਹਿਲਾ ਵਿਆਕਰਨਕਾਰ ਸੀ ।
(c) ਪਾਣਿਨੀ ਪੰਜਾਬੀ ਦਾ ਪਹਿਲਾ ਅਤੇ ਪ੍ਰਮੁੱਖ ਵਿਆਕਰਨਕਾਰ ਸੀ।
(d) ਪਾਣਿਨੀ ਤੋਂ ਪਹਿਲਾਂ ਸੰਸਕ੍ਰਿਤ ਦਾ ਕੋਈ ਵਿਆਕਰਨਕਾਰ ਨਹੀਂ ਹੋਇਆ।

51. 'ਬਚਪਨ' ਸ਼ਬਦ ਕਿਹੜਾ ਨਾਂਵ ਹੈ?
(a) ਆਮ ਨਾਂਵ (b) ਖਾਸ ਨਾਂਵ
(c) ਇਕੱਠ-ਵਾਚਕ ਨਾਂਵ (d) ਭਾਵ-ਵਾਚਕ ਨਾਂਵ

52. ਸ਼੍ਰੇਸ਼ਟ ਸ਼ਬਦ ਦਾ ਸਮਾਨਾਰਥਕ ਕਿਹੜਾ ਹੈ?
(a) ਉੱਤਮ (b) ਸ਼ਾਨਦਾਰ
(c) ਵਧੀਆ (d) ਚੰਗਾ

ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹੋ ਅਤੇ ਪ੍ਰਸ਼ਨ ਨੰਬਰ 53 ਤੋਂ 60 ਦੇ ਉੱਤਰ ਦਿਉ —

ਆ ਪੰਜਾਬ-ਪਿਆਰ ਤੂੰ ਮੁੜ ਆ !
ਆ ਸਿੱਖ-ਪੰਜਾਬ ਤੂੰ ਘਰ ਆ !
ਤੇਰੇ ਭੂਤ ਦਿਸਣ ਮੁੜ-ਸਾਵੇ,
ਮੁੜ ਆਵਣ ਬੁਟਿਆਂ ਨਾਲ ਤੇਰੀਆਂ ਦੋਸਤੀਆਂ।
ਤੇਰੇ ਪਿੱਪਲਾਂ ਹੇਠ ਹੋਣ ਮੁੜ ਮੇਲੇ,
ਤੇਰੇ ਅੰਬਾਂ 'ਤੇ ਪੀਂਘਾਂ ਉੱਲਰਦੀਆਂ,
ਕੁੜੀਆਂ, ਨੱਚੇ ਮੁੜ ਖੇਡਣ ਅਝੱਕ ਹੋ ਕੇ,
ਰਲ ਮਿਲ ਉਨ੍ਹਾਂ ਚੰਨੇ ਦੀਆਂ ਚਾਨਣੀਆਂ,
ਕਿੱਲਕਿਲੀਆਂ ਪਾਣ ਰਲ ਮਿਲ ਕੇ, ਖੇਡਣ ਛੁਪਣ-ਲੁਕੀਆਂ।
ਉਹੋ ਰਾਤਾਂ ਮੁੜ ਆਵਣ, ਨਿਰਵੈਰ, ਨਿਰਦਵੈਖ ਪਵਿੱਤਰ, ਅਬੋਝ, ਬੇਇਲਮ,
ਨਿਸ਼ਪਾਪ ਸੋਹਣੀਆਂ ਸਵਾਦਲੀਆਂ,
ਉਹੋ ਗਿੱਧੇ ਊਹੋ ਧੁੜਾਂ ਦਾ ਉਠਾਉਣਾ ਰਲ ਮਿਲ,
ਉਪਰ ਚੰਨ, ਹੇਠ ਚੰਨੀਆਂ, ਬੰਨੇ ਤੇ ਬੰਨੀਆਂ,
ਨੱਚ-ਨੱਚ, ਧਮ-ਧਮ, ਥੰਮ-ਥੰਮ, ਆਖਰ ਆਵਣ ਮੁੜ ਉਹੋ।
ਖਿੱਚਾਂ ਖਿੱਲੀਆਂ ਪੁਰਾਣੀਆਂ।
ਤ੍ਰਿੰਝਣਾਂ ਵਿਚ ਮੁਝ ਗਾਣ ਕੁੜੀਆਂ
ਆਪੋ ਜਿਹੀਆਂ ਸਭ ਇੱਕ ਥਾਂ ਇਕੱਠੀਆਂ,
ਇੱਕ ਚਾਹ ਵਾਲੀਆਂ, ਦਿਲਾਂ ਦੇ ਭੇਤ ਸਾਂਝੇ ਵਾਲੀਆਂ।

53. ਇਹਨਾਂ ਕਾਵਿ ਸਤਰਾਂ ਵਿਚੋਂ ਕਵੀ ਦੀ ਕਿਹੜੀ ਤਾਂਘ ਦਾ ਪਤਾ ਲੱਗਦਾ ਹੈ?
(a) ਦਰੱਖਤਾਂ ਨਾਲ ਦੋਸਤੀਆਂ
(b) ਅੰਬਾਂ ਉੱਤੇ ਪਹਿਲਾਂ ਵਾਂਗ ਪੀਂਘਾਂ
(c) ਕੁੜੀਆਂ-ਮੁੰਡੀਆਂ ਦਾ ਅਝੱਕ ਰਲ ਕੇ ਖੇਡਣਾ
(d) ਇਹ ਸਾਰੇ ਹੀ

54. ਕਵਿਤਾ ਦੇ ਪਹਿਲੇ ਭਾਗ ਦੀ ਮੁੱਖ ਸੁਰ ਕਿਹੜੀ ਹੈ?
(a) ਪੰਜਾਬ ਦਾ ਪੁਰਾਣਾ ਸੱਭਿਆਚਾਰ
(b) ਲੋਕਾਂ ਦੀਆਂ ਸਮੱਸਿਆਵਾਂ
(c) ਲੋਕਾਂ ਦਾ ਚਾਅ ਮਲਾਰ (d) ਆਪਸੀ ਏਕਾ।

Adda247 GET IT ON Google Play

55. 'ਉਹ ਰਾਤਾਂ ਮੁੜ ਆਵਣ ਨਿਰਵਰ ਨਿਰਦਵੈਖ, ਪਵਿੱਤਰ, ਅਬੋਝ, ਬੇਇਲਮ' ਕਾਵਿ ਸਤਰ ਵਿਚ ਕਿਹੜੇ ਅਲੰਕਾਰਦੀ ਵਰਤੋਂ ਕੀਤੀ ਮਿਲਦੀ ਹੈ?
(a) ਰੂਪਕ ਅਲੰਕਾਰ (b) ਉਪਮਾ ਅਲੰਕਾਰ
(c) ਅਨੁਪ੍ਰਾਸ ਅਲੰਕਾਰ (d) ਪ੍ਰੇਚੋਕਤੀ ਅਲੰਕਾਰ

56. 'ਤੇਰੇ ਪਿੰਪਲਾਂ ਹੇਠ ਹੋਵਣ.....ਚੰਨਾਂ ਦੀਆਂ ਚਾਨਣੀਆਂ' ਇਹਨਾਂ ਕਾਵਿ ਸਤਰਾਂ ਵਿਚੋਂ ਕਵੀ ਦਾ ਕਿਹੜਾ ਕਮਾਲ ਉਭਰਦਾ ਹੈ?
(a) ਕੁਦਰਤ ਵਰਣਨ (b) ਦ੍ਰਿਸ਼ ਚਿਤਰਣ
(c) ਇਸਤਰੀ ਪਿਆਰ (d) ਮਾਨਵ ਪਿਆਰ।

57. ਇਸ ਕਵਿਤਾ ਵਿਚ ਕਿਹੜੇ ਲੋਕ ਨਾਚ ਦਾ ਜ਼ਿਕਰ ਹੈ?
(a) ਭੰਗੜਾ (b) ਗਿੱਧਾ
(c) ਝੂਮਰ (d) ਲੁੱਡੀ

58. ਇਹਨਾਂ ਕਾਵਿ ਸਤਰਾਂ ਵਿਚ 'ਕਿੱਕਲੀ' ਦਾ ਜ਼ਿਕਰ ਹੈ। ਪੰਜਾਬੀ ਲੋਕਧਾਰਾ ਵਿਚ ਕਿੱਕਲੀ ਨੂੰ ਕਿਸ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ?
(a) ਲੋਕ ਨਾਚ (b) ਲੋਕ ਨਾਟ
(c) ਲੋਕ ਖੇਡ (d) ਲੋਕ ਮਨੋਰੰਜਨ।

59. 'ਉਪਰ ਚੰਨ ਹੇਠ ਚੰਨੀਆਂ, ਬੰਨੇ ਤੇ ਬੰਨੀਆਂ' ਇਹਨਾਂ ਕਾਵਿ ਸਤਰਾਂ ਵਿਚ 'ਬੰਨੀਆਂ' ਤੋਂ ਕੀ ਭਾਵ ਹੈ?
(a) ਕੁੜੀਆਂ (b) ਇਸਤਰੀਆਂ
(c) ਖੇਤਾਂ ਦੇ ਕਿਨਾਰੇ (d) ਵਹੁਟੀਆਂ

60. ਤ੍ਰਿੰਞਣ ਤੋਂ ਕੀ ਭਾਵ ਹੈ?
(a) ਜਿੱਥੇ ਕੁੜੀਆਂ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ।
(b) ਜਿੱਥੇ ਕੁੜੀਆਂ ਇਕੱਠੀਆਂ ਹੋ ਕੇ ਰੋਟੀ ਖਾਂਦੀਆਂ ਹਨ।
(c) ਜਿੱਥੇ ਕੁੜੀਆਂ ਇਕੱਠੀਆਂ ਹੋ ਕੇ ਕੱਤਦੀਆਂ ਅਤੇ ਲੋਕ ਗੀਤ ਗਾਉਂਦੀਆਂ ਹਨ।
(d) ਇਹਨਾਂ ਵਿੱਚੋਂ ਕੋਈ ਨਹੀਂ।

English Language (Q. No. 61 to 90)

61. Who defines language as "a set of human habits, the purpose of which is to give expression to thoughts and feelings, and especially to impart them to others" ?
(a) Jesperson (b) Louis H. Gray
(c) Edward Sapir (d) Michael Girsdansky

62. Received Pronunciation is the type of speech model used by the native speakers of
(a) South - East England
(b) South - West England
(c) North - East England
(d) North - West England

63. Glottis is the
(a) Space between the back of the tongue and back wall of the throat
(b) Space between the vocal cords
(c) Part lying opposite to the hard palate
(d) Part lying opposite to the soft palate

64. Functional grammar is also known as :
(a) Prescriptive grammar
(b) Descriptive grammar
(c) Traditional grammar
(d) Formal grammar

65. Which one is not responsible for the declining standards of English in the Indian schools ?
(a) Lack of clear-cut objectives of teaching English
(b) Faulty examination and evaluation system
(c) Devoted and committed teachers
(d) Unhygienic physical conditions

66. Which among the following is not a technique of evaluation ?
(a) Observation (b) Interview
(c) Rating scale (d) Acquisition

67. Which among the following is not an audio-visual aid ?
(a) Computer (b) Radio
(c) Films (d) Television

68. In which of these words is the sound /tʃ/ found ?
(a) Church (b) Youth
(c) Judge (d) Show

69. Morphology is the study of
(a) Word Structure (b) Sound structure
(c) Sentence structure (d) Plot structure

70. Which among these is not a psychological principle of the learning and acquisition of a language ?
(a) Motivation (b) Stress-free environment
(c) Reinforcement (d) Frequent review

71. The first step in language acquisition is
(a) Transmission (b) Repetition
(c) Imitation (d) Acquisition

72. Which among the following is a receptive skill ?
(a) Listening (b) Writing
(c) Speaking (d) None of these

73. Which among these is not a feature of connected speech ?
(a) Scanning (b) Stress
(c) Intonation (d) Juncture

Adda247 GET IT ON Google Play

74. What should be the proper order of learning English language ?

(*a*) Speaking, reading, writing and listening
(*b*) Listening, speaking, reading and writing
(*c*) Reading, writing, listening and speaking
(*d*) Writing, speaking, reading and listening

75. A language laboratory is helpful in developing proficiency in (i) listening (ii) speaking (iii) reading (iv) writing

(*a*) (i) and (iii) (*b*) (i) and (ii)
(*c*) (iii) and (iv) (*d*) (ii) and (iii)

Please read the following passage and answer the questions (76 – 83)

The destruction of two Japanese cities, Hiroshima and Nagasaki, in August 1945 by the use of atomic bombs shocked and horrified mankind beyond measure. Man had discovered a new energy of tremendous power but it was extremely tragic to use it for the destruction of human beings. The conscience of all right thinking persons was awakened and the problem of proper use of the new energy became a subject for serious consideration. The World War ended, but experiments with atomic energy continued. Most of them were confined to the production of better and more powerful atomic weapons, such as hydrogen bombs, cobalt bombs, transcontinental ballistic missiles etc. A very large section of the people of the world stood against the mad race for nuclear armament. They demanded an immediate and complete ban on all kinds of nuclear tests and experiments for the purpose of war. Most people desired to stop the production of atomic weapons altogether. The late Professor Einstein appealed to both politicians and scientists to save mankind and civilization from the unimaginable horrors of an atomic war. He also advocated the use of nuclear energy for peaceful purposes, for the betterment of the poor, and for enhancement of the total wealth of the world. His appeal was directed in particular to atomic scientists who should not allow their talents to be used for increasing the chances of war. They should rather use their brains for utilizing atomic energy for the good of humanity. The soundness of this viewpoint has appealed to all reasonable people and lovers of peace.

76. What is extremely tragic ?

(*a*) Destruction of human life
(*b*) Unchecked development of atom bombs
(*c*) Horror for mankind from atom bombs
(*d*) Use of atomic bombs against mankind

77. What became a subject of serious consideration ?

(*a*) Destruction of human beings
(*b*) Shock and horror beyond measure
(*c*) Proper use of the new source of energy
(*d*) None of the above

78. Experiments after the end of the World War were done for

(*a*) production of industrial tools and plants
(*b*) production of more powerful atomic weapons
(*c*) rebuilding the destroyed cities
(*d*) manufacture of atomic weapons

79. Of the following, which was not directly an appeal made by Einstein ?

(*a*) Production of atomic weapons should be stopped altogether.
(*b*) Scientists should save mankind from an atomic war with its horrors.
(*c*) Nuclear energy should be used for peaceful purposes.
(*d*) Scientists' talents should not be used for increasing the chances of war.

80. The views of Professor Einstein

(*a*) did not affect anybody
(*b*) were liked by countries leading in the manufacture of atomic weapons
(*c*) appealed to peace-loving people
(*d*) appealed to scientists

81. Which of the following is nearly opposite in meaning to the word 'Appealed' as used in the passage" ?

(*a*) Noticed (*b*) Commanded
(*c*) Requested (*d*) Persuaded

82. Choose a suitable synonym for the word 'Tremendous'

(*a*) Fearful (*b*) Much
(*c*) Immense (*d*) Horrible

83. Choose the suitable synonym for the word 'Subject' as used in the passage

(*a*) Topic (*b*) Necessity
(*c*) Exposed (*d*) Fact

Read the following passage and answer the questions (84 – 90)

To think of the geniuses and the gifted as having uniquely different brains is only reasonable if we accept that each human brain is uniquely different. The purpose of instruction is to make us even more different from one another. In the process of being educated we can learn from the achievements of those more gifted than ourselves. But before we try to emulate geniuses, or encourage our children to do so, we should note that some of the things we learn from them may prove unpalatable. We may envy their achievements and fame, but we should also recognise the price they may have paid in terms of perseverance, singlemindedness, dedication, restrictions on

Adda247 GET IT ON Google Play

their personal lives, the demands upon their energy and time, and how often they had to display great courage to preserve their integrity or to make their way to the top.

Genius and giftedness are relative and descriptive terms of no real substance. We may, at best, give them some precision by defining them and placing them in a context but, whatever we do, we should never delude ourselves into believing that gifted children or geniuses are different from the rest of humanity, except in the degree to which they have developed their abilities.

84. In which sense do the geniuses and the gifted have uniquely different brains ?

(*a*) Each person's brain is uniquely different.

(*b*) A genius has been gifted with an excellent brain.

(*c*) A genius is superior to other persons.

(*d*) All of the above.

85. What is the purpose of instruction ?

(*a*) to sharpen the talent of each child.

(*b*) to widen the gap between the children.

(*c*) to create differences among the children.

(*d*) None of the above.

86. What does the term "emulate" refer to in the passage ?

(*a*) to copy

(*b*) to get inspiration from others' achievements

(*c*) to compete with others

(*d*) None of the above

87. Which things may prove unpalatable in the process of emulating a genius ?

(*a*) Other children may feel jealous of the achievements of gifted children.

(*b*) Other children may create an unhealthy competition.

(*c*) Other children may harm the gifted.

(*d*) All of the above.

88. Explain the sentence : "Genius and giftedness are relative and descriptive terms of no real substance."

(*a*) Gifted children are not different from others. They differ only in degree. They have just developed their abilities to a higher level.

(*b*) All children are equal

(*c*) Geniuses are endowed with extraordinary brains.

(*d*) All of the above

89. What do you mean by "delude"

(*a*) Deluge (*b*) Deceive

(*c*) Inundate (*d*) None of the above

90. "We may, at best, give them some precision by defining them and placing them in a context." What do you conclude from this statement ?

(*a*) Defining the abilities

(*b*) Quantitative measurement of abilities in a particular situation

(*c*) Both (*a*) and (*b*) (*d*) None of the above

Section—B Mathematics (Bilingual Section, Q. No. 91 to 120)

ਭਾਗ—B ਗਣਿਤ (ਦੁਭਾਸ਼ੀ, ਪ੍ਰਸ਼ਨ ਨੰ : 91 - 120)

91. The average of first ten prime numbers is :

(*a*) 12.7 (*b*) 12.9

(*c*) 129 (*d*) 10.1

92. A chair having the marked price rupees 500 is sold for rupees 380. The rate of discount is :

(*a*) 20% (*b*) 24%

(*c*) 2.4% (*d*) 31.57%

93. In an examination 74% of the candidates passed and 156 failed. The candidates who appeared in the examination were :

(*a*) 211 (*b*) 400

(*c*) 500 (*d*) 600

91. ਪਹਿਲੀਆਂ ਦਸ ਅਭਾਜ ਸੰਖਿਆਵਾਂ ਦੀ ਔਸਤ ਹੈ :

(*a*) 12.7 (*b*) 12.9

(*c*) 129 (*d*) 10.1

92. ਇੱਕ ਕੁਰਸੀ ਜਿਸਦਾ ਅੰਕਿਤ ਮੁੱਲ 500 ਰੁਪਏ ਹੈ, 380 ਰੁਪਏ ਦੀ ਵੇਚੀ ਜਾਂਦੀ ਹੈ। ਕਟੌਤੀ ਦੀ ਦਰ ਹੈ :

(*a*) 20% (*b*) 24%

(*c*) 2.4% (*d*) 31.57%

93. ਕਿਸੇ ਪ੍ਰੀਖਿਆ ਵਿੱਚ 74% ਵਿਦਿਆਰਥੀ ਪਾਸ ਹੋਏ ਅਤੇ 156 ਫੇਲ ਹੋ ਗਏ। ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੀ :

(*a*) 211 (*b*) 400

(*c*) 500 (*d*) 600

Adda247 GET IT ON Google Play

94. A square and a rectangle have the same area. If one side of the square is 30 cm and the length of the rectangle is 36 cm, then the breadth of the rectangle will be :
(a) 15 cm (b) 25 cm
(c) 36 cm (d) 45 cm

95. Find the fraction equivalent to $\frac{35}{42}$, having denominator 30 :
(a) $\frac{25}{30}$ (b) $\frac{30}{25}$
(c) $\frac{35}{30}$ (d) $\frac{42}{30}$

96. The fraction respresenting the blank portion in the given figure is :



(a) $\frac{1}{2}$ Proper Fraction (b) $\frac{2}{3}$ Proper Fraction
(c) $\frac{1}{3}$ Proper Fraction (d) $\frac{1}{3}$ Improper Fraction

97. L.C.M. of 14, 28, 126 and 280 is :
(a) $2 \times 3 \times 5 \times 7$ (b) $2^2 \times 3^2 \times 5 \times 7$
(c) $2^3 \times 3^2 \times 5 \times 7$ (d) 2×7

The Pie-graph given here shows the number of students opting different subjects in a school. If there are a total of 720 students, then by studying the pie-graph answer the Q. No. 98 and Q. No. 99 :



98. The total number of students studying English and Punjabi subject are :
(a) 220 (b) 440
(c) 110 (d) 240

94. ਇੱਕ ਵਰਗ ਅਤੇ ਆਇਤ ਦਾ ਖੇਤਰਫਲ ਬਰਾਬਰ ਹੈ। ਜੇਕਰ ਵਰਗ ਦੀ ਇੱਕ ਭੁਜਾ 30 ਸਮ ਅਤੇ ਆਇਤ ਦੀ ਲੰਬਾਈ 36 ਸਮ ਹੋਵੇ ਤਾਂ ਆਇਤ ਦੀ ਚੌੜਾਈ ਹੋਵੇਗੀ :
(a) 15 ਸਮ (b) 25 ਸਮ
(c) 36 ਸਮ (d) 45 ਸਮ

95. $\frac{35}{42}$, ਦੇ ਤੁੱਲ ਭਿੰਨ ਪਤਾ ਕਰੋ ਜਿਸਦਾ ਹਰ 30 ਹੋਵੇ।
(a) $\frac{25}{30}$ (b) $\frac{30}{25}$
(c) $\frac{35}{30}$ (d) $\frac{42}{30}$

96. ਚਿੱਤਰ ਵਿੱਚ ਖਾਲੀ ਸਥਾਨ ਦੁਆਰਾ ਦਰਸਾਈ ਗਈ ਭਿੰਨ ਹੈ :



(a) $\frac{1}{2}$ ਉਚਿਤ ਭਿੰਨ (b) $\frac{2}{3}$ ਉਚਿਤ ਭਿੰਨ
(c) $\frac{1}{3}$ ਉਚਿਤ ਭਿੰਨ (d) $\frac{1}{3}$ ਅਣਉਚਿਤ ਭਿੰਨ

97. 14, 28, 126 ਅਤੇ 280 ਦਾ ਲ.ਸ.ਵ. ਹੈ :
(a) $2 \times 3 \times 5 \times 7$ (b) $2^2 \times 3^2 \times 5 \times 7$
(c) $2^3 \times 3^2 \times 5 \times 7$ (d) 2×7

ਇੱਥੇ ਦਿੱਤਾ ਪਾਈ ਗ੍ਰਾਫ ਇੱਕ ਸਕੂਲ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਚੁਣਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਦਰਸਾਉਂਦਾ ਹੈ। ਜੇਕਰ ਵਿਦਿਆਰਥੀਆਂ ਦੀ ਕੁੱਲ ਗਿਣਤੀ 720 ਹੋਵੇ ਤਾਂ ਪਾਈ ਗ੍ਰਾਫ ਦਾ ਅਧਿਐਨ ਕਰਕੇ ਪ੍ਰਸ਼ਨ ਨੰਬਰ 98 ਅਤੇ ਪ੍ਰਸ਼ਨ ਨੰਬਰ 99 ਦੇ ਉੱਤਰ ਦਿਉ।



98. ਅੰਗਰੇਜ਼ੀ ਅਤੇ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਹੈ :
(a) 220 (b) 440
(c) 110 (d) 240

Adda247 GET IT ON Google Play

99. The difference in the number of students studying Hindi and Sanskrit subject is :
(a) 40 (b) 80
(c) 120 (d) 140

100. If the distance of 200 metre is covered in 20 seconds, then the speed is :
(a) 10 km/hr (b) 20 km/hr
(c) 26 km/hr (d) 36 km/hr

101. The national day of Mathematics is celebrated on :
(a) 21 December (b) 22 December
(c) 23 December (d) 24 December

102. In the light of "the tall shape of Mathematics," the nature of Mathematics is :
(a) Mathematics is the most valuable school subject
(b) Mathematics is needed to be learnt sequentially
(c) Mathematics is needed to be learnt in depth
(d) Mathematics is applied in all other school subjects

103. Problem posing in Mathematics requires :
(a) Better understanding of the concepts involved
(b) Original and diverse thinking
(c) In-depth understanding of the subject
(d) Memorisation ability

104. Children learn to enjoy Mathematics if :
(a) Curriculum is less
(b) Activity-based teaching is done in class
(c) Open book examination is introduced
(d) All of the above

105. Conducting individual interviews in Mathematics classroom situations is important for :
(a) Establishing rapport with the students
(b) Better understanding of their socio-economic background
(c) Identifying errors and deciding on remedial strategies for
(d) All of the above

106. The sum and product of two numbers are – 2 and – 63 respectively. The sum of their reciprocals is :
(a) $\frac{-2}{63}$ (b) $\frac{2}{63}$
(c) $\frac{16}{63}$ (d) $\frac{-2}{9}$

99. ਹਿੰਦੀ ਅਤੇ ਸੰਸਕ੍ਰਿਤ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੇ ਅੰਤਰ ਹੈ :
(a) 40 (b) 80
(c) 120 (d) 140

100. ਜੇਕਰ 200 ਮੀਟਰ ਦੀ ਦੂਰੀ 20 ਸੈਕਿੰਡ ਵਿੱਚ ਤੈਅ ਕੀਤੀ ਜਾਂਦੀ ਹੈ ਤਾਂ ਰਫ਼ਤਾਰ ਹੈ :
(a) 10 ਕਿ.ਮੀ./ਘੰਟਾ (b) 20 ਕਿ.ਮੀ./ਘੰਟਾ
(c) 26 ਕਿ.ਮੀ./ਘੰਟਾ (d) 36 ਕਿ.ਮੀ./ਘੰਟਾ

101. ਗਣਿਤ ਦਾ ਰਾਸ਼ਟਰੀ ਦਿਵਸ ਮਨਾਇਆ ਜਾਂਦਾ ਹੈ :
(a) 21 ਦਸੰਬਰ (b) 22 ਦਸੰਬਰ
(c) 23 ਦਸੰਬਰ (d) 24 ਦਸੰਬਰ

102. ਗਣਿਤ ਦੀ ਪ੍ਰਕਿਰਤੀ ਵਿੱਚ "ਗਣਿਤ ਦੇ ਲੰਬੇ ਅਕਾਰ" ਦਾ ਅਰਥ ਹੈ :
(a) ਗਣਿਤ ਸਭ ਤੋਂ ਉਪਯੋਗੀ ਸਕੂਲ ਵਿਸ਼ਾ ਹੈ
(b) ਗਣਿਤ ਨੂੰ ਕ੍ਰਮਬੱਧ ਰੂਪ ਵਿੱਚ ਸਿੱਖਣ ਦੀ ਲੋੜ ਹੈ
(c) ਗਣਿਤ ਨੂੰ ਗਹਿਰਾਈ ਨਾਲ ਸਿੱਖਣ ਦੀ ਲੋੜ ਹੈ
(d) ਗਣਿਤ ਨੂੰ ਸਕੂਲ ਦੇ ਬਾਕੀ ਸਾਰੇ ਵਿਸ਼ਿਆਂ ਵਿੱਚ ਲਾਗੂ ਕੀਤਾ ਜਾਂਦਾ ਹੈ

103. ਗਣਿਤ ਵਿੱਚ ਸਮੱਸਿਆ ਦੀ ਪੇਸ਼ਕਾਰੀ ਲੜੀ ਲੋੜ ਹੈ :
(a) ਸ਼ਾਮਿਲ ਸੰਕਲਪਾਂ ਦੀ ਬਿਹਤਰ ਸਮਝ ਦੀ
(b) ਮੌਲਿਕ ਅਤੇ ਵਿਵਿਧ ਸੋਚ ਦੀ
(c) ਵਿਸ਼ੇ ਦੀ ਗਹਿਰਾਈ ਨੂੰ ਸਮਝਣ ਦੀ
(d) ਯਾਦ ਕਰਨ ਦੀ ਸਮਰੱਥਾ ਦੀ

104. ਵਿਦਿਆਰਥੀ ਗਣਿਤ ਦਾ ਅਨੰਦ ਲੈਣਾ ਸਿੱਖਣ, ਜੇਕਰ :
(a) ਪਾਠਕ੍ਰਮ ਘੱਟ ਹੋਵੇ
(b) ਜਮਾਤ ਵਿੱਚ ਗਤੀਵਿਧੀ-ਅਧਾਰਿਤ ਅਧਿਆਪਨ ਹੋਵੇ
(c) ਖੁੱਲ੍ਹੀ ਕਿਤਾਬ-ਪ੍ਰੀਖਿਆ ਸ਼ੁਰੂ ਕੀਤੀ ਜਾਵੇ
(d) ਉਪਰੋਕਤ ਸਾਰੇ ਹੀ

105. ਗਣਿਤ ਦੀ ਜਮਾਤ ਵਿੱਚ ਵਿਅਕਤੀਗਤ ਇੰਟਰਵਿਊ ਕਰਨਾ ਮਹੱਤਵਪੂਰਨ ਹੈ :
(a) ਵਿਦਿਆਰਥੀਆਂ ਨਾਲ ਤਾਲਮੇਲ ਬਿਠਾਉਣ ਲਈ
(b) ਵਿਦਿਆਰਥੀਆਂ ਦੇ ਸਮਾਜਿਕ ਅਤੇ ਆਰਥਿਕ ਪੱਧਰ ਨੂੰ ਸਮਝਣ ਲਈ
(c) ਗਲਤੀਆਂ ਨੂੰ ਪਛਾਣਨ ਅਤੇ ਇਹਨਾਂ ਦੀਆਂ ਉਪਚਾਰ ਨੀਤੀਆਂ ਨਿਰਧਾਰਿਤ ਕਰਨ ਲਈ
(d) ਉਪਰੋਕਤ ਸਾਰੇ

106. ਦੋ ਸੰਖਿਆਵਾਂ ਦਾ ਜੋੜ ਅਤੇ ਗੁਣਨਫਲ ਕ੍ਰਮਵਾਰ – 2 ਅਤੇ –63 ਹੈ। ਇਹਨਾਂ ਸੰਖਿਆਵਾਂ ਦੇ ਉਲਟਕ੍ਰਮ ਦਾ ਜੋੜ ਹੈ :
(a) $\frac{-2}{63}$ (b) $\frac{2}{63}$
(c) $\frac{16}{63}$ (d) $\frac{-2}{9}$

Adda247 GET IT ON Google Play

107. Without repeating any digit, the sum of all digits of the greatest ten digit number is :
(a) 45 (b) 44
(c) 42 (d) 39

108. The value of
$(1^2 - 2^2 + 3^2 - 4^2 + 5^2 - 6^2 + \ldots\ldots + 9^2 - 10^2)$ is :
(a) 110 (b) – 110
(c) 55 (d) – 55

109. $\frac{a^4 - b^4}{a - b}$ in the lowest form is :
(a) $a^3 - b^3$ (b) $(a + b)(a^2 + b^2)$
(c) $a^2 - b^2$ (d) $a^3 + b^3$

110. 0.00056 ÷ 0.08 will be equal to :
(a) 0.7 (b) 0.07
(c) 0.007 (d) 0.0007

111. The value of 0.002 + 2.02 + 0.22 is :
(a) 2.222 (b) 2.202
(c) 2.242 (d) 2.026

112. An angle is 34° more than its complementary angle. The measure of the angle is
(a) 90° (b) 62°
(c) 56° (d) 46°

113. The largest four digit number exactly divisible by each of 12, 15, 18 and 27 is :
(a) 9999 (b) 9830
(c) 9927 (d) 9720

114. The measure of the four angles of a quadrilateral is in the ratio 3 : 5 : 9 : 13. The measure of the largest angle is :
(a) 180° (b) 166°
(c) 156° (d) 108°

115. In an Isoceles triangle ABC, ∠B = 90° and side AB = 6 cm. Side AC will be :
(a) 6 cm (b) 12 cm
(c) $2\sqrt{6}$ cm (d) $6\sqrt{2}$ cm

116. The missing number in 343, 512, 1000, ..., 1728 is :
(a) 1271 (b) 1331
(c) 1457 (d) 1512

117. How many Faces, Vertices and Edges does a cuboid have ?
(a) Faces = 6, Vertices = 8, Edges = 12
(b) Faces = 6, Vertices = 12, Edges = 8
(c) Faces = 8, Vertices = 6, Edges = 12
(d) Faces = 6, Vertices = 8, Edges = 16

107. ਕਿਸੇ ਅੰਕ ਨੂੰ ਦੁਹਰਾਉਣ ਬਿਨਾ ਦਸ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਦੇ ਅੰਕਾਂ ਦਾ ਜੋੜ ਹੈ :
(a) 45 (b) 44
(c) 42 (d) 39

108. $(1^2 - 2^2 + 3^2 - 4^2 + 5^2 - 6^2 + \ldots\ldots + 9^2 - 10^2)$ ਦਾ ਮੁੱਲ ਹੈ :
(a) 110 (b) – 110
(c) 55 (d) – 55

109. $\frac{a^4 - b^4}{a - b}$ ਦਾ ਨਿਊਨਤਮ ਰੂਪ ਹੈ :
(a) $a^3 - b^3$ (b) $(a + b)(a^2 + b^2)$
(c) $a^2 - b^2$ (d) $a^3 + b^3$

110. 0.00056 ÷ 0.08 ਬਰਾਬਰ ਹੋਵੇਗਾ :
(a) 0.7 (b) 0.07
(c) 0.007 (d) 0.0007

111. 0.002 + 2.02 + 0.22 ਦਾ ਮੁੱਲ ਹੈ :
(a) 2.222 (b) 2.202
(c) 2.242 (d) 2.026

112. ਇੱਕ ਕੋਣ ਆਪਣੇ ਪੂਰਕ ਕੋਣ ਦੇ ਮਾਪ ਤੋਂ 34° ਜ਼ਿਆਦਾ ਹੈ। ਕੋਣ ਦਾ ਮਾਪ ਹੈ :
(a) 90° (b) 62°
(c) 56° (d) 46°

113. ਚਾਰ ਅੰਕਾਂ ਦੀ ਵੱਡੀ ਤੋਂ ਵੱਡੀ ਸੰਖਿਆ ਜਿਹੜੀ 12, 15, 18 ਅਤੇ 27 ਹਰੇਕ ਨਾਲ ਪੂਰਨ ਤੌਰ ਤੇ ਭਾਜਯੋਗ ਹੈ :
(a) 9999 (b) 9830
(c) 9927 (d) 9720

114. ਇੱਕ ਚਤੁਰਭੁਜ ਦੇ ਕੋਣ 3 : 5 : 9 : 13 ਦੇ ਅਨੁਪਾਤ ਵਿੱਚ ਹਨ। ਸਭ ਤੋਂ ਵੱਡੇ ਕੋਣ ਦਾ ਮਾਪ ਹੈ :
(a) 180° (b) 166°
(c) 156° (d) 108°

115. ਇੱਕ ਸਮਦੋਭੁਜੀ ਤ੍ਰਿਭੁਜ ABC ਵਿੱਖ ∠B = 90° ਅਤੇ ਭੁਜਾ AB = 6 ਸਮ ਹੈ। ਭੁਜਾ AC ਹੋਵੇਗੀ :
(a) 6 ਸਮ (b) 12 ਸਮ
(c) $2\sqrt{6}$ ਸਮ (d) $6\sqrt{2}$ ਸਮ

116. 343, 512, 1000, ..., 1728 ਵਿੱਚ ਗਾਇਬ ਸੰਖਿਆ ਹੈ :
(a) 1271 (b) 1331
(c) 1457 (d) 1512

117. ਇੱਕ ਘਣਾਵ ਦੇ ਕਿੰਨੇ ਪਾਸੇ, ਸਿਖਰ ਅਤੇ ਕਿਨਾਰੇ ਹੁੰਦੇ ਹਨ ?
(a) ਪਾਸੇ = 6, ਸਿਖਰ = 8, ਕਿਨਾਰੇ = 12
(b) ਪਾਸੇ = 6, ਸਿਖਰ = 12, ਕਿਨਾਰੇ = 8
(c) ਪਾਸੇ = 8, ਸਿਖਰ = 6, ਕਿਨਾਰੇ = 12
(d) ਪਾਸੇ = 6, ਸਿਖਰ = 8, ਕਿਨਾਰੇ = 16

Adda247 GET IT ON Google Play

118. A circle having perimeter 44 cm will have the area :
(a) 0.0154 m^2 (b) 0.154 m^2
(c) 1.54 m^2 (d) 15.4 m^2

119. If each tablet has weight 25 mg, then the weight of one lakh such tablets will be :
(a) 25 kg (b) 0.025 kg
(c) 0.25 kg (d) 2.5 kg

120. A cube having a surface area of 294 m^2 will have the volume :
(a) 216 m^3 (b) 333 m^3
(c) 343 m^3 (d) 49 m^3

118. ਇੱਕ ਚੱਕਰ ਜਿਸਦਾ ਪਰਿਮਾਪ 44 ਸਮ ਹੈ, ਦਾ ਖੇਤਰਫਲ ਹੋਵੇਗਾ :
(a) 0.0154 ਮੀ^{2} (b) 0.154 ਮੀ^{2}
(c) 1.54 ਮੀ^{2} (d) 15.4 ਮੀ^{2}

119. ਜੇਕਰ ਹਰੇਕ ਗੋਲੀ ਦਾ ਭਾਰ 25 ਮਿਲੀਗ੍ਰਾਮ ਹੋਵੇ ਤਾਂ ਅਜਿਹੀਆਂ ਇੱਕ ਲੱਖ ਗੋਲੀਆਂ ਦਾ ਭਾਰ ਹੋਵੇਗਾ :
(a) 25 ਕਿਲੋਗ੍ਰਾਮ (b) 0.025 ਕਿਲੋਗ੍ਰਾਮ
(c) 0.25 ਕਿਲੋਗ੍ਰਾਮ (d) 2.5 ਕਿਲੋਗ੍ਰਾਮ

120. ਇੱਕ ਘਣ ਜਿਸਦੀ ਸਤ੍ਹਾ ਦਾ ਖੇਤਰਫਲ 294 ਮੀ^{2} ਹੈ ਦਾ ਆਇਤਨ ਹੋਵੇਗਾ :
(a) 216 ਮੀ^{3} (b) 333 ਮੀ^{3}
(c) 343 ਮੀ^{3} (d) 49 ਮੀ^{3}

Environmental Science (Bilingual Section, Q. No. 121 to 150)

ਪਰਿਆਵਰਨ ਅਧਿਐਨ (ਦੁਭਾਸ਼ੀ, ਪ੍ਰਸ਼ਨ ਨੰ : 121 - 150)

121. Abohar wildlife sanctuary is famous for
(a) Migratory Birds (b) Wild Boar
(c) Musk Deer (d) Black Buck

122. Which of the following is not a man-made disaster ?
(a) Robbery (b) War
(c) Strike (d) Flood

123. Anaemia is caused by the deficiency of
(a) Iron (b) Calcium
(c) Salt (d) Potassium

124. The main atmospheric layer near the surface of the earth is
(a) Troposphere (b) Mesophere
(c) Ionosphere (d) Stratosphere

125. The part of food that is not digested in the body is :
(a) Starch (b) Cellulose
(c) Proteins (d) Fat

126. The longest bone in Human Body is
(a) Humerus (b) Stapes
(c) Femur (d) Radius

127. Which of the following does not cause soil erosion ?
(a) Wind (b) Overgrazing
(c) Sun (d) Water

128. Which part of the tongue has the bitter taste buds ?
(a) Centre of tongue (b) Back of tongue
(c) Tip of tongue (d) Edges of tongue

121. ਅਬੋਹਰ ਜੰਗਲੀ ਜੀਵਨ ਪਨਾਹਗਾਹ ਕਿਸ ਜੀਵ ਲਈ ਪ੍ਰਸਿੱਧ ਹੈ?
(a) ਪ੍ਰਵਾਸੀ ਪੰਛੀਆਂ (b) ਜੰਗਲੀ ਸੂਰ
(c) ਕਸਤੂਰੀ ਮਿਰਗ (d) ਕਾਲਾ ਹਿਰਨ

122. ਹੇਠ ਲਿਖਿਆਂ ਵਿਚੋਂ ਕਿਹੜੀ ਮਨੁੱਖ ਰਚਿਤ ਆਪਦਾ (ਆਫ਼ਤ) ਨਹੀਂ ਹੈ?
(a) ਡਾਕਾ (b) ਜੰਗ
(c) ਹੜਤਾਲ (d) ਹੜ੍ਹ

123. .....ਦੀ ਘਾਟ ਕਾਰਣ ਅਨੀਮੀਆ ਰੋਗ ਹੋ ਜਾਂਦਾ ਹੈ—
(a) ਲੋਹਾ (b) ਕੈਲਸ਼ੀਅਮ
(c) ਨਮਕ (d) ਪੋਟਾਸ਼ੀਅਮ

124. ਧਰਤੀ ਦੇ ਤਲ ਦੇ ਸਭ ਤੋਂ ਨੇੜੇ ਵਾਯੂਮੰਡਲ ਦੀ ਕਿਹੜੀ ਪਰਤ ਹੈ?
(a) ਟਰੋਪੋਸਫ਼ੀਅਰ (b) ਮੀਸੋਸਫ਼ੀਅਰ
(c) ਆਈਉਨੋਸਫ਼ੀਅਰ (d) ਸਟ੍ਰੈਟੋਸਫ਼ੀਅਰ

125. ਖਾਣੇ ਦਾ ਉਹ ਹਿੱਸਾ ਜੋ ਸਰੀਰ ਵਿੱਚ ਹਜ਼ਮ ਨਹੀਂ ਹੁੰਦਾ—
(a) ਸਟਾਰਚ (b) ਸੇਲੂਲੋਜ਼
(c) ਪ੍ਰੋਟੀਨ (d) ਫ਼ੈਟ

126. ਮਨੁੱਖੀ ਸਰੀਰ ਵਿੱਚ ਸਭ ਤੋਂ ਲੰਬੀ ਹੱਡੀ ਕਿਹੜੀ ਹੈ?
(a) ਹਯੂਮਰਸ (b) ਸਟੇਪਸ
(c) ਫੀਮਰ (d) ਰੇਡੀਅਸ

127. ਹੇਠ ਲਿਖਿਆਂ ਵਿਚੋਂ ਕਿਹੜਾ ਭੂਮੀ-ਖੋਰ ਦਾ ਕਾਰਨ ਨਹੀਂ ਹੈ?
(a) ਹਵਾ (b) ਪਸ਼ੂਆਂ ਦੁਆਰਾ ਅਧਿਕਤਰ ਚਰ ਲੈਣ
(c) ਸੂਰਜ (d) ਪਾਣੀ

128. ਜੀਭ ਦੇ ਕਿਹੜੇ ਹਿੱਸੇ ਵਿਚ ਕੌੜਾ ਸਵਾਦ ਚੱਖਣ ਵਾਲੇ ਸੰਵੇਦਕ ਹੁੰਦੇ ਹਨ?
(a) ਜੀਭ ਦਾ ਵਿਚਲਾ ਹਿੱਸਾ (b) ਜੀਭ ਦਾ ਪਿਛਲਾ ਹਿੱਸਾ
(c) ਜੀਭ ਦਾ ਸ਼ੁਰੂ ਦਾ ਹਿੱਸਾ (d) ਜੀਭ ਦੇ ਕਿਨਾਰੇ

Adda247 GET IT ON Google Play

129. What percentage of energy is transferred to next trophic level from the lower trophic level ?

(a) 5% (b) 1%

(c) 10% (d) 50%

130. Total number of districts in Punjab is :

(a) 25 (b) 22

(c) 23 (d) 21

131. To make a concept about the different kinds of flowers, clear to the students a teacher can

(a) Show pictures of flowers on a chart

(b) Read from the book about different kinds of flowers

(c) Ask children to bring different flowers

(d) Show actual flowers in the class during teaching

132. Rahul does not submit EVS assignment in time. Then you will

(a) inform the parents

(b) not allow him to enter the class

(c) try to know the reason

(d) ignore him

133. You are teaching about nutrition in your class and a student asks a question unrelated to the topic. What will you do ?

(a) Appreciate him

(b) Allow him to ask the unrelated question

(c) Scold and punish him

(d) Answer the question after the class

134. While teaching EVS, after the lunch break, you find that students are not taking any interest in the lesson. What would you do ?

(a) Tell them to finish their home work

(b) Use audiovisual aids to make the teaching effective

(c) Take the students out to play in the ground

(d) Ask them to put their heads down on the desk and relax

135. A school planned a one-day educational trip for Class V students to a botanical garden. What would be your instructions to the students before the trip ?

(a) They should enjoy themselves

(b) They should observe every plant without asking questions about it

(c) They should pluck the plants and study them

(d) They should observe each and every plant, and share their observations with other students and the teacher.

129. ਊਰਜਾ ਦਾ ਕਿੰਨੇ ਪ੍ਰਤੀਸ਼ਤ ਭਾਗ ਹੇਠਲੇ ਭੋਜਨ ਪੱਧਰ ਤੋਂ ਉਪਰਲੇ ਭੋਜਨ ਪੱਧਰ ਵਿੱਚ ਸਥਾਨਅੰਤਰਤ ਹੁੰਦਾ ਹੈ।

(a) 5% (b) 1%

(c) 10% (d) 50%

130. ਪੰਜਾਬ ਵਿੱਚ ਕੁੱਲ ਜ਼ਿਲ੍ਹੇ ਹਨ—

(a) 25 (b) 22

(c) 23 (d) 21

131. ਵੱਖ-ਵੱਖ ਕਿਸਮਾਂ ਦੇ ਫੁੱਲਾਂ ਬਾਰੇ ਮੁੱਢਲੀ ਜਾਣਕਾਰੀ ਨੂੰ ਸਪੱਸ਼ਟ ਕਰਨ ਲਈ ਇਕ ਅਧਿਆਪਕ—

(a) ਚਾਰਟ ਉੱਤੇ ਪੁੱਲਾਂ ਦੀਆਂ ਤਸਵੀਰਾਂ ਵਿਖਾ ਸਕਦਾ ਹੈ

(b) ਵੱਖ-ਵੱਖ ਕਿਸਮਾਂ ਦੇ ਫੁੱਲਾਂ ਬਾਰੇ ਕਿਤਾਬ ਪੜ੍ਹ ਸਕਦਾ ਹੈ

(c) ਵਿਦਿਆਰਥੀਆਂ ਨੂੰ ਵੱਖ-ਵੱਖ ਕਿਸਮ ਦੇ ਫੁੱਲ ਲਿਆਉਣ ਲਈ ਕਹਿ ਸਕਦਾ ਹੈ

(d) ਪੜ੍ਹਾਉਣ ਲੱਗਿਆਂ ਬੱਚਿਆਂ ਨੂੰ ਅਸਲੀ ਫੁੱਲ ਦਿਖਾ ਸਕਦਾ ਹੈ।

132. ਰਾਹੁਲ ਆਪਣੀ EVS ਦੀ ਅਸਾਈਨਮੈਂਟ ਵੇਲੇ ਸਿਰ ਨਹੀਂ ਸੌਂਪਦਾ ਹੈ। ਫਿਰ ਤੁਸੀਂ

(a) ਉਸਦੇ ਮਾਤਾ ਪਿਤਾ ਨੂੰ ਦੱਸੋਗੇ

(b) ਉਸਨੂੰ ਕਲਾਸ ਵਿੱਚ ਬੈਠਣ ਦੀ ਆਗਿਆ ਨਹੀਂ ਦਿਉਗੇ

(c) ਕਾਰਣ ਜਾਣਨ ਦੀ ਕੋਸ਼ਿਸ਼ ਕਰੋਗੇ

(d) ਉਸ ਵੱਲ ਧਿਆਨ ਨਹੀਂ ਦਿਉਗੇ

133. ਤੁਸੀਂ ਪੋਸ਼ਣ ਸੰਬੰਧੀ ਵਿਸ਼ੇ ਤੇ ਕਲਾਸ ਵਿੱਚ ਪੜ੍ਹਾ ਰਹੇ ਹੋ। ਇੱਕ ਬੱਚਾ ਵਿਸ਼ੇ ਤੋਂ ਹਟ ਕੇ ਸਵਾਲ ਪੁੱਛਦਾ ਹੈ, ਤੁਸੀਂ ਕੀ ਕਰੋਗੇ?

(a) ਉਸਦੀ ਸ਼ਲਾਘਾ ਕਰੋਗੇ

(b) ਉਸਨੂੰ ਵਿਸ਼ੇ ਤੋਂ ਹਟਵੇਂ ਸਵਾਲ ਪੁੱਛਣ ਦੀ ਆਗਿਆ ਦੇਵੋਗੇ

(c) ਉਸਨੂੰ ਝਿੜਕਾਂ ਮਾਰੋਗੇ ਅਤੇ ਸਜ਼ਾ ਦਿਉਗੇ

(d) ਕਲਾਸ ਦੇ ਉਪਰੰਤ ਉਸਦੇ ਸਵਾਲ ਦਾ ਜਵਾਦ ਦਿਉਗੇ।

134. ਦੁਪਹਿਰ ਦੇ ਖਾਣੇ ਤੋਂ ਬਾਅਦ EVS ਦੀ ਕਲਾਸ ਪੜ੍ਹਾਉਣ ਲੱਗਿਆਂ ਪਤਾ ਲੱਗਦਾ ਹੈ ਕਿ ਬੱਚੇ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈ ਰਹੇ ਹਨ, ਤਾਂ ਤੁਸੀਂ ਕੀ ਕਰੋਗੇ?

(a) ਉਹਨਾਂ ਨੂੰ ਆਪਣਾ ਹੋਮ-ਵਰਕ ਖ਼ਤਮ ਕਰਨ ਲਈ ਕਹੋਗੇ

(b) ਪੜ੍ਹਾਉਣ ਦੀ ਪ੍ਰਕਿਰਿਆ ਨੂੰ ਅਸਰਦਾਇਕ ਬਣਾਉਣ ਲਈ ਆਡੀਓ-ਵੀਡੀਓ ਸਮੱਗਰੀ ਦੀ ਵਰਤੋਂ ਕਰੋਗੇ

(c) ਵਿਦਿਆਰਥੀਆਂ ਨੂੰ ਖੇਡਣ ਲਈ ਖੇਡ ਦੇ ਮੈਦਾਨ ਵਿਚ ਲੈ ਜਾ ਜਾਉਗੇ

(d) ਉਹਨਾਂ ਨੂੰ ਕਹੋਗੇ ਕਿ ਡੈਸਕ ਉੱਤੇ ਆਪਣਾ ਸਿਰ ਰੱਖ ਕੇ ਆਰਾਮ ਕਰੋ।

135. ਇੱਕ ਸਕੂਲ ਨੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਲਈ ਬੋਟੈਨੀਕਲ ਗਾਰਡਨ ਦੇ ਟੂਰ ਦੀ ਯੋਜਨਾ ਬਣਾਈ। ਟੂਰ 'ਤੇ ਜਾਣ ਤੋਂ ਪਹਿਲਾਂ ਤੁਸੀਂ ਬੱਚਿਆਂ ਨੂੰ ਕੀ ਹਿਦਾਇਤਾਂ ਦਿਉਗੇ?

(a) ਉਹ ਆਪਣਾ ਅਨੰਦ-ਮਾਨਣ

(b) ਉਹ ਕਿਸੇ ਬੂਟੇ ਬਾਰੇ ਬਿਨਾਂ ਸਵਾਲ ਪੁੱਛਿਆਂ ਹਰ ਬੂਟੇ ਨੂੰ ਵੇਖਣ

(c) ਉਹ ਬੂਟਿਆਂ ਨੂੰ ਪੁੱਟਣ ਅਤੇ ਇਹਨਾਂ ਦਾ ਅਧਿਐਨ ਕਰਨ

(d) ਹਰ ਬੂਟੇ ਨੂੰ ਧਿਆਨ ਨਾਲ ਵੇਖਣ, ਅਤੇ ਆਪਣੇ ਦੁਆਰਾ ਇਕੱਤਰ ਕੀਤੀ ਜਾਣਕਾਰੀ ਹੋਰਨਾਂ ਵਿਦਿਆਰਥੀਆਂ ਅਤੇ ਅਧਿਆਪਕ ਨਾਲ ਸਾਂਝੀ ਕਰਨ

Adda247 GET IT ON Google Play

136. Animal dung is : ..... waste.
(a) Biodegradable (b) Non-biodegradable
(c) Hazardous (d) Toxic

137. Name the process in which a harmful chemical enters the food chain and gets concentrated at each level in the food chain
(a) Concentration (b) Biomagnification
(c) Expansion (d) Pollution

138. Which pathogen is associated with amoebic dysentery ?
(a) Protozoa (b) Virus
(c) Bacteria (d) Worm

139. Which rivers confluence at the Harike Wetland ?
(a) Sutluj & Beas (b) Satluj & Ravi
(c) Beas & Ravi (d) Satluj & Chenab

140. Which of the following is a renewable source of energy ?
(a) Coal (b) Natural Gas
(c) Petroleum (d) Solar Energy

141. The unit for measuring the noise pollution is
(a) Decibel (b) Particulate per million
(c) British thermal unit (d) Astronomical unit

142. A group of similar cells performing the same function is called
(a) System (b) Organ
(c) Tissue (d) Cell

143. Through perspiration and the enlarging of blood vessels, the skin helps the body to maintain a steady
(a) Heart beat (b) Blood pressure
(c) Temperature (d) Uric acid

144. Which of the following is not a planet ?
(a) Venus (b) The Sun
(c) Mars (d) Earth

145. Which planet is called the Morning and Evening Star ?
(a) Venus (b) Mars
(c) Jupiter (d) Neptune

146. The highest level of ecological hierarchy is
(a) Ecosystem (b) Biosphere
(c) Biome (d) Landscape

136. ਡੰਗਰਾਂ ਦਾ ਗੋਹਾ ..... ਫਾਲਤੂ-ਪਦਾਰਥ ਹੈ।
(a) ਜੈਵ ਵਿਘਟਨਸ਼ੀਲ (b) ਜੈਵ-ਅਵਿਘਟਨਸ਼ੀਲ
(c) ਖ਼ਤਰਨਾਕ (d) ਜ਼ਹਿਰੀਲਾ

137. ਉਸ ਪ੍ਰਕਿਰਿਆ ਦਾ ਨਾਮ ਦੱਸੋ ਜਿਸ ਵਿੱਚ ਹਾਨੀਕਾਰਕ ਰਸਾਇਣ ਭੋਜਨ-ਲੜੀ ਵਿਚ ਸ਼ਾਮਿਲ ਹੋ ਜਾਂਦੇ ਹਨ ਅਤੇ ਭੋਜਨ-ਲੜੀ ਦੇ ਹਰ ਪੱਧਰ ਤੇ ਸੰਘਣੇ ਹੁੰਦੇ ਰਹਿੰਦੇ ਹਨ।
(a) ਸੰਘਣਤਾ (b) ਬਾਇਓਮੈਗਨੀਫੀਕੇਸ਼ਨ
(c) ਵਾਧਾ ਹੋਣਾ (d) ਪ੍ਰਦੂਸ਼ਣ

138. ਅਮੀਬੀ ਪੇਚਿਸ ਕਿਸ ਰੋਗ ਜਣਕ ਸੂਖਮ ਜੀਵ ਨਾਲ ਸੰਬੰਧਿਤ ਹੈ?
(a) ਪ੍ਰੋਟੋਜ਼ੋਆ (b) ਵਿਸ਼ਾਣੂ
(c) ਜੀਵਾਣੂ (d) ਕਿਰਮ

139. ਹਰੀਕੇ ਜਲਗਾਹ ਤੇ ਕਿਹੜੇ ਦਰਿਆ ਮਿਲਦੇ ਹਨ ?
(a) ਸਤਲੁਜ ਤੇ ਬਿਆਸ (b) ਸਤਲੁਜ ਤੇ ਰਾਵੀ
(c) ਬਿਆਸ ਤੇ ਰਾਵੀ (d) ਸਤਲੁਜ ਤੇ ਚਨਾਬ

140. ਹੇਠ ਲਿਖਿਤ ਵਿੱਚੋਂ ਊਰਜਾ ਦਾ ਕਿਹੜਾ ਸਰੋਤ ਨਵਿਆਉਣ ਯੋਗ ਹੈ?
(a) ਕੋਲਾ (b) ਕੁਦਰਤੀ ਗੈਸ
(c) ਪੈਟਰੋਲੀਅਮ (d) ਸੂਰਜੀ ਊਰਜਾ

141. ਸ਼ੋਰ-ਪ੍ਰਦੂਸ਼ਣ ਮਾਪਣ ਦੀ ਇਕਾਈ ਹੈ—
(a) ਡੈਸੀਬਲ (b) ਪਾਰਟੀਕੂਲੇਟ ਪ੍ਰਤੀ ਮਿਲੀਅਨ
(c) ਬ੍ਰਿਟਿਸ਼ ਥਰਮਲ ਯੂਨਿਟ (d) ਐਸਿਟਰੋਨਾਮੀਕਲ ਯੂਨਿਟ

142. ਇੱਕੋ ਜਿਹੇ ਸੈੱਲਾਂ ਦਾ ਸਮੂਹ, ਜੋ ਇਕੋ ਕੰਮ ਕਰਦੇ ਹਨ—
(a) ਪ੍ਰਣਾਲੀ (b) ਅੰਗ
(c) ਤੰਤੂ (d) ਸੈੱਲ

143. ਚਮੜੀ, ਪਸੀਨੇ ਰਾਹੀਂ ਅਤੇ ਖ਼ੂਨ ਦੀਆਂ ਨਾੜੀਆਂ ਨੂੰ ਖੋਲ੍ਹ ਕੇ ਹੇਠ ਲਿਖਿਆਂ ਵਿਚੋਂ ਕਿਸ ਨੂੰ ਸਥਿਰ ਰੱਖਣ ਵਿਚ ਸਹਾਇਤਾ ਕਰਦੀ ਹੈ?
(a) ਦਿਲ ਦੀ ਧੜਕਣ (b) ਖ਼ੂਨ ਦਾ ਦਬਾਉ
(c) ਤਾਪਮਾਨ (d) ਯੂਰਿਕ ਐਸਿਡ

144. ਇਹਨਾਂ ਵਿੱਚੋਂ ਕਿਹੜਾ 'ਗ੍ਰਹਿ' ਨਹੀਂ ਹੈ?
(a) ਸ਼ੁੱਕਰ (b) ਸੂਰਜ
(c) ਮੰਗਲ (d) ਧਰਤੀ

145. ਕਿਹੜੇ ਗ੍ਰਹਿ ਨੂੰ 'ਸਵੇਰ ਦਾ ਤਾਰਾ ਅਤੇ ਸ਼ਾਮ ਦਾ ਤਾਰਾ' ਕਿਹਾ ਜਾਂਦਾ ਹੈ?
(a) ਸ਼ੁੱਕਰ (b) ਮੰਗਲ
(c) ਬ੍ਰਹਸਪਤੀ (d) ਨੈਪਚੂਨ

146. ਪ੍ਰਸਥਿਤਿਕ ਮੰਡਲ ਦਾ ਸਭ ਤੋਂ ਉੱਪਰਲਾ ਪੱਧਰ —
(a) ਪ੍ਰਸਥਿਤਿਕ ਪ੍ਰਬੰਧ (b) ਬਾਇਓਸਫ਼ੀਅਰ
(c) ਬਾਇਓਮ (d) ਭੂ-ਦ੍ਰਿਸ਼

Adda247 GET IT ON Google Play

147. Which of the following National Parks was earlier known as the Hailey National Park ?
(a) Periyar (b) Jim Corbett
(c) Kaziranga (d) Ranthambore

148. Dioxins are released into the environment on the burning of
(a) Paper (b) Straw
(c) Plastics (d) Wood

149. Which of the following marine ecosystems are very rich in biodiversity ?
(a) Lagoon (b) Salt marsh
(c) Coral reef (d) Intertidal zone

150. Which of the following organisms lacks skeleton ?
(a) Frog (b) Fish
(c) Earth Worm (d) Snake

147. ਹੇਠ ਲਿਖ ਨੈਸ਼ਨਲ ਪਾਰਕਾਂ ਵਿੱਚੋਂ ਕਿਸ ਨੂੰ ਪਹਿਲਾਂ ਹੈਲੇ ਨੈਸ਼ਨਲ ਪਾਰਕ ਕਿਹਾ ਜਾਂਦਾ ਸੀ?
(a) ਪੈਰੀਅਰ (b) ਜਿਮ ਕੌਰਬੈੱਟ
(c) ਕਾਜ਼ੀਰੰਗਾ (d) ਰਣਥੰਬੋਰ

148. ਵਾਤਾਵਰਣ ਵਿੱਚ ਡਾਈਆਗਜਿਨਸ ਕਿਸ ਪਦਾਰਥ ਦੇ ਬਲਣ ਨਾਲ ਪੈਦਾ ਹੁੰਦੇ ਹਨ?
(a) ਕਾਗਜ਼ (b) ਤੂੜੀ
(c) ਪਲਾਸਟਿਕ (d) ਲੱਕੜ

149. ਹੇਠ ਲਿਖਿਆਂ ਵਿੱਚੋਂ ਕਿਹੜਾ ਸਮੁੰਦਰੀ, ਪ੍ਰਸਥਿਤਿਕ ਪ੍ਰਬੰਧ ਜੈਵਿਕ-ਵਿਭਿੰਨਤਾ ਪੱਖੋਂ ਬਹੁਤ ਧਨੀ ਹੈ?
(a) ਲੈਗੂਨ (b) ਸਾਲਟ ਮਾਰਸ਼
(c) ਕੋਰਲ ਰੀਫ (d) ਇੰਟਰਟਾਈਡਲ ਜ਼ੋਨ

150. ਹੇਠ ਲਿਖਿਆਂ ਵਿਚੋਂ ਕਿਹੜੇ ਜੰਤੂ ਵਿੱਚ ਹੱਡੀਆਂ ਦਾ ਢਾਂਚਾ ਨਹੀਂ ਹੁੰਦਾ?
(a) ਡੱਡੂ (b) ਮੱਛੀ
(c) ਰੀਂਡੋਇਆ (d) ਸੱਪ

ANSWERS / ਉੱਤਰਮਾਲਾ

1. (a)	2. (c)	3. (c)	4. (b)	5. (a)	6. (c)	7. (a)	8. (d)	9. (b)	10. (a)
11. (a)	12. (d)	13. (d)	14. (c)	15. (d)	16. (b)	17. (a)	18. (b)	19. (b)	20. (c)
21. (d)	22. (c)	23. (b)	24. (a)	25. (b)	26. (c)	27. (c)	28. (c)	29. (d)	30. (b)
31. (b)	32. (ਨ)	33. (a)	34. (b)	35. (c)	36. (ਨ)	37. (d)	38. (c)	39. (b)	40. (b)
41. (d)	42. (b)	43. (d)	44. (d)	45. (ਨ)	46. (c)	47. (b)	48. (c)	49. (c)	50. (a)
51. (d)	52. (a)	53. (d)	54. (a)	55. (c)	56. (b)	57. (b)	58. (ਨ)	59. (d)	60. (c)
61. (a)	62. (a)	63. (b)	64. (b)	65. (c)	66. (d)	67. (b)	68. (a)	69. (a)	70. (b)
71. (c)	72. (a)	73. (a)	74. (b)	75. (b)	76. (d)	77. (c)	78. (b)	79. (a)	80. (c)
81. (b)	82. (c)	83. (a)	84. (a)	85. (a)	86. (b)	87. (a)	88. (a)	89. (b)	90. (b)
91. (b)	92. (b)	93. (d)	94. (b)	95. (a)	96. (c)	97. (c)	98. (b)	99. (b)	100. (d)
101. (b)	102. (b)	103. (b)	104. (b)	105. (c)	106. (b)	107. (a)	108. (d)	109. (b)	110. (c)
111. (c)	112. (b)	113. (d)	114. (c)	115. (d)	116. (b)	117. (a)	118. (a)	119. (d)	120. (c)
121. (d)	122. (d)	123. (a)	124. (a)	125. (b)	126. (c)	127. (c)	128. (b)	129. (c)	130. (b)
131. (d)	132. (c)	133. (d)	134. (b)	135. (d)	136. (a)	137. (b)	138. (a)	139. (a)	140. (d)
141. (a)	142. (c)	143. (c)	144. (b)	145. (a)	146. (b)	147. (b)	148. (c)	149. (c)	150. (c)